ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥
ਸਪਤਾਹਿਕ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।
www.sribhainisahib.com
ਜਿਲਦ-24 ਨੰਬਰ-18
17 ਤੋਂ 23 ਹਾੜ੍ਹ 2073 - 30 June to 6 July 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਨਾਮ ਦਾ ਐਸਾ ਪਰਤਾਪੁ

ਐਥੇ ਦੇਖੋ ਬਹੁਤ ਬੁਰੀ ਜਗਾ ਹੈ ਕੈਦ ਕਾਲਾ ਪਾਣੀ । ਪਰੁ ਨਾਮ ਦਾ ਐਸਾ ਪਰਤਾਪੁ ਹੈ ਏਥੇ ਬੀ ਅਸੀਂ ਬਡੇ ਰਾਜੀ ਹਾਂ ਅੰਬੀਰੀ ਵੀ ਤੇ ਫਕੀਰੀ ਵੀ ਦੋਮੈ ਬ੍ਰਾਬਰ ਬਣੀਆ ਹੋਈਆ ਹੈਨ ਕਿਸੇ ਬਾਤ ਦੀ ਥੁੜਿ ਨਹੀ ਇਕੁ ਸੰਗਤ ਦੇ ਦਰਸਨ ਬਿਨਾ।



## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਅਤੇ ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਿਤ

# ਵਿਸ਼ਵ ਨਾਮਧਾਰੀ ਵਿਦਿਅਕ ਜਥਿਆਂ ਦਾ ਵਾਰਸਿਕ ਸੰਮੇਲਨ ਸੰਪੰਨ

**ਸ੍ਰੀ ਭੈਣੀ ਸਾਹਿਬ, 27 ਜੂਨ:** ਨਾਮਧਾਰੀ ਪੰਥ ਦੇ ਸਿਰਤਾਜ਼ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ 24, 25, 26, 27,ਜੂਨ 2016 ਦਿਨ ਸ਼ੁਕਰਵਾਰ, ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਵ ਨਾਮਧਾਰੀ ਵਿਦਿਅਕ ਜਥਿਆ ਦਾ ਨੌਜਵਾਨਾਂ ਦਾ 51ਵਾਂ ਅਤੇ ਬੀਬੀਆਂ ਦਾ 33 ਵਾਂ ਵਾਰਸ਼ਿਕ ਸੰਮੇਲਨ ਸੰਪੰਨ ਹੋਇਆ। ਨਾਮਧਾਰੀ ਸਮਾਜ ਦੇ ਸੰਸਥਾਪਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਮਹਾਨ ਕਾਰਜ ਦੇਸ ਕੌਮ ਅਤੇ ਸਮਾਜ ਸੁਧਾਰ ਲਈ ਕੀਤੇ ਉਹਨਾਂ ਵਿੱਚ ਸਭ ਤੋਂ ਮਹਤਵ ਪੂਰਣ ਸੀ ਸਮਾਜਕ ਪਧੱਰ ਤੇ ਔਰਤਾਂ ਦੀ ਪੁਰਸ਼ਾ ਨਾਲ ਬਰਾਬਰੀ। ਸਤਿਗੁਰੂ ਰਾਮ ਸਿੰਘ ਜੀ ਨੇ ਔਰਤਾਂ ਨੂੰ ਖੰਡੇ ਦਾ ਅਮ੍ਰਿਤ ਛਕਾਇਆ ਅਤੇ ਇਸਤਰੀ ਜਾਤੀ ਦੇ ਕਲਿਆਣ ਹਿਤ ਲੋਕਾਂ ਨੂੰ ਕੁੜੀਆਂ ਮਾਰਨ ਤੋਂ ਵਰਜਿਆ ਤੇ ਇਨਾਂ ਨੂੰ ਪੁੱਤਰਾਂ ਦੇ ਬਰਾਬਰ ਹੀ ਜਾਣਨ ਦਾ ਉਪਦੇਸ਼ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਬੀਬੀਆਂ ਜਥੇਦਾਰ ਅਤੇ ਸੂਬੇ ਬਣੀਆਂ। ਜਿਵੇਂ ਬੀਬੀ ਇੰਦ ਕੌਰ, ਬੀਬੀ ਖੇਮ ਕੌਰ, ਸੂਬਾ ਹੁਕਮ ਕੌਰ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚਲ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਬੀਬੀਆਂ ਨੂੰ ਸੂਬੇ ਥਾਪਿਆ।




ਸ੍ਰੀ ਸਤਿਗੁਰੂ ਜਗਜੀਤ ਜੀ ਚਾਹੁੰਦੇ ਸਨ ਕਿ ਸਮਾਜ ਵਿਚ ਬੀਬੀਆਂ ਨੂੰ ਸਤਿਕਾਰ ਅਤੇ ਸਨਮਾਨ ਮਿਲੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸਤਰੀ ਜਾਤੀ ਦੇ ਉਤਥਾਨ ਲਈ ਬੜੇ ਉਪਕਾਰ ਕੀਤੇ। ਸਤਿਗੁਰੂ ਜੀ ਨੇ ਸੰਨ 1965 ਵਿੱਚ ਨੌਜਵਾਨਾਂ ਦਾ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਅਤੇ ਸੰਨ 1982 ਵਿੱਚ ਬੀਬੀਆਂ ਦਾ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ ਸਥਾਪਿਤ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਸੀ ਕਿ ਸਾਰੇ ਨਾਮਧਾਰੀ ਪੜੇ ਲਿਖੇ ਨੌਜਵਾਨ ਵਿਦਿਅਕ ਜਥੇ ਦੇ ਵਿਚ ਸ਼ਾਮਿਲ ਹੋ ਗੁਰ ਸਿੱਖੀ ਸਿੰਧਾਤਾ ਤੇ ਚਲਦੇ ਹੋਏ ਸਮਾਜ ਦੇ ਹਰ ਖੇਤਰ ਵਿਚ ਅਗੇ ਵਧ ਕੇ ਤਰੱਕੀ ਕਰਨ। ਵਿਦਿਅਕ ਸੰਮੇਲਨ ਵਿੱਚ ਬੱਚੇ ਬਚੀਆਂ ਨੂੰ ਨਾਮਧਾਰੀ ਇਤਿਹਾਸ ਬਾਰੇ, ਸੋਧ ਮਰਿਯਾਦਾ ਬਾਰੇ, ਗੁਰ-ਮਰਿਯਾਦਾ ਅਨੁਸਾਰ ਜੀਵਨ ਜਾਚ ਤੇ ਸਿਖਲਾਈ ਕੈਂਪ ਦਿਤੇ ਜਾਂਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸੇ ਲੀਕ ਨੂੰ ਕਾਇਮ ਰਖਦਿਆਂ ਵਰਤਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਇਹ ਤੀਸਰਾਵਿਦਿਅਕ ਸੰਮੇਲਨ ਹੋਇਆ ਹੈ।

ਬਾਕੀ ਰਿਪੋਰਟ ਅਗਲੇ ਪਰਚੇ ਵਿੱਚ।

# ਪੰਜਾਬ ਸਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਐਵਾਰਡ ਸ਼ੁਰੂ ਕਰੇਗੀ

**ਚੰਡੀਗੜ੍ਹ, 13 ਜੂਨ (ਬਿਊਰੋ)**- ਪੰਜਾਬ ਸਰਕਾਰ ਵਲੋਂ ਨਾਮਧਾਰੀ ਸੰਪਰਦਾ ਦੇ ਬਾਨੀ ਸ੍ਰੀ ਸਤਿਗੁਰੂਰਾਮ ਸਿੰਘ ਜੀ ਨੂੰ ਸਮਰਪਿਤ ਇਕ ਵੱਕਾਰੀ ਐਵਾਰਡ ਸ਼ੁਰੂ ਕੀਤਾ ਜਾਵੇਗਾ। ਜਿਨਾਂ ਦਾ 200 ਵਾਂ ਪ੍ਰਕਾਸ਼ ਉਤਸਵ 12 ਫਰਵਰੀ 2016 ਤੋਂ ਸਾਲ ਭਰ ਲਈ ਮਨਾਇਆ ਜਾ ਰਿਹਾ ਹੈ। ਇਸ ਬਾਰੇ ਫੈਸਲਾ ਅੱਜ ਸਵੇਰੇ ਇਥੇ ਮੁੱਖ ਮੰਤਰੀ ਨਿਵਾਸ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਸੂਬਾ ਪੱਧਰੀ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ। ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਸਾਲ ਭਰ ਲਈ ਚਲ ਰਹੇ ਸਮਾਗਮਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਬਾਦਲ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਦੇ ਸੰਸਦ ਮੈਂਬਰਾਂ ਦਾ ਇਕ ਉਚ ਪੱਧਰੀ ਵਫਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਮਿਲਕੇ ਸ੍ਰੀ ਸਤਿਗੁਰੂਰਾਮ ਸਿੰਘ ਜੀ ਦਾ 200ਵਾਂ ਪ੍ਰਕਾਸ਼ ਪੁਰਬ ਕੌਮੀ ਪੱਧਰ ਤੇ ਮਨਾਉਣ ਦੀ ਅਪੀਲ ਕਰੇਗਾ। ਜਿਨਾਂ ਨੇ ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਲਾਮਿਸਾਲ ਯੋਗਦਾਨ ਪਾਇਆ। ਇਹ ਜ਼ਿਕਰਯੋਗ ਹੈ ਕਿ ਕੁਝ ਸੰਸਦ ਮੈਂਬਰ ਗ੍ਰਹਿ ਮੰਤਰੀ ਕੋਲ ਇਹ ਮਾਮਲਾ ਪਹਿਲਾਂ ਹੀ ਉਠਾ ਚੁਕੇ ਹਨ ਜਿਨਾਂ ਨੇ ਇਸ ਸੰਬੰਧ ਵਿਚ ਹਾਂ ਪੱਖੀ ਹੁੰਗਾਰਾ ਭਰਿਆ ਹੈ।

ਮੁੱਖ ਮੰਤਰੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 200 ਰੁਪਏ ਦਾ ਯਾਦਗਾਰੀ ਸਿੱਕਾ ਤੇ 10 ਰੁਪਏ ਦੇ ਕਰੰਸੀ ਸਿੱਕੇ ਤੋਂ ਇਲਾਵਾ ਇਕ ਯਾਦਗਾਰੀ ਡਾਕ ਟਿਕਟ ਜਾਰੀ ਕਰਵਾਉਣ ਲਈ ਭਾਰਤ ਸਰਕਾਰ ਕੋਲ ਇਹ ਮਾਮਲਾ ਉਠਾਉਣ ਦਾ ਭਰੋਸਾ ਦਿੱਤਾ। ਨੌਜਵਾਨਾਂ ਦਰਮਿਆਨ ਸਤਿਗੁਰੂ ਰਾਮ ਸਿੰਘ ਜੀ ਦੀ ਫਲਾਸਫੀ ਅਤੇ ਕਾਰਜਾਂ ਦਾ ਪ੍ਰਸਾਰ ਕਰਨ ਲਈ ਮੁੱਖ ਮੰਤਰੀ ਨੇ ਸਿਖਿਆ ਵਿਭਾਗ ਨੂੰ ਆਖਿਆ ਕਿ ਜ਼ਿਲਾ ਪੱਧਰ ਤੇ ਸੈਮੀਨਾਰ ਅਤੇ ਭਾਸ਼ਣ ਮੁਕਾਬਲੇ ਕਰਵਾਏ ਜਾਣ ਜਿਨਾਂ ਵਿਚ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਆਖਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਅਤੇ ਵਿਚਾਰਧਾਰਾ ਤੇ ਸੈਮੀਨਾਰ ਕਰਵਾਏ ਜਾਣ ਜਿਨ੍ਹਾਂ ਵਿਚ ਉਘੇ ਵਿਦਵਾਨਾਂ ਅਤੇ ਬੁਧੀਜੀਵੀਆਂ ਨੂੰ ਸੱਦਿਆ ਜਾਵੇ। ਉਹਨਾਂ ਨੇ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਨੂੰ ਆਖਿਆ ਕਿ ਡਾ. ਨਾਜਰ ਸਿੰਘ ਕੋਲੋਂ ਕੂਕਾ ਲਹਿਰ ਤੇ ਇਕ ਕਿਤਾਬ ਸੰਪਾਦਿਤ ਕਰਵਾ ਕੇ ਪ੍ਰਕਾਸ਼ਤ ਕੀਤੀ ਜਾਵੇ। ਮੀਟਿੰਗ ਵਿਚ ਕੈਬਨਿਟ ਮੰਤਰੀ ਮਦਨ ਮੋਹਨ ਮਿੱਤਲ ਤੇ ਸ਼ਰਨਜੀਤ ਸਿੰਘ ਢਿਲੋਂ, ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਐਸ. ਕੇ. ਸੰਧੂ, ਸਕੱਤਰ ਵਿਤ ਜਸਪਾਲ ਸਿੰਘ, ਸਕੱਤਰ ਸੂਚਨਾ ਤੇ ਲੋਕ ਸੰਪਰਕ ਰਾਹੁਲ ਤਿਵਾੜੀ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਗਗਨਦੀਪ ਸਿੰਘ ਬਰਾੜ, ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ ਸੇਨੂੰ ਦੁੱਗਲ ਤੋਂ ਇਲਾਵਾ ਕੂਕਾ ਸ਼ਹੀਦੀ ਯਾਦਗਾਰੀ ਟ੍ਰਸਟ ਦੇ ਉਪ ਚੇਅਰਮੈਨ ਸੁਰਿੰਦਰ ਸਿੰਘ ਨਾਮਧਾਰੀ, ਮੈਂਬਰ ਗੁਰਸੇਵਕ ਸਿੰਘ ਅਤੇ ਸਵਰਨ ਸਿੰਘ ਵਿਰਕ ਹਾਜ਼ਰ ਸਨ।

-ਜਗਬਾਣੀ

# ਸ੍ਰੀ ਜੀਵਨ ਨਗਰ ਵਿਖੇ ਮਹਾ ਨਸ਼ਾ ਮੁਕਤ ਰੈਲੀ

ਸ੍ਰੀ ਜੀਵਨ ਨਗਰ, 21 ਜੂਨ:- ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਵਸਾਈ ਇੱਕ ਨਾਮਧਾਰੀਆਂ ਦੀ ਵਡੀ ਰਿਆਸਤ ਹੈ। ਦੇਸ਼ ਦੇ ਬਟਵਾਰੇ ਤੋਂ ਬਾਅਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹ ਧਰਤੀ ਚੁਣੀ ਆਪਣੇ ਸਿੱਖਾਂ ਵਾਸਤੇ। ਉਸ ਸਮੇਂ ਇਸ ਧਰਤੀ ਤੇ ਉਜਾੜ ਬੀਆਬਾਨ ਤੇ ਜੰਗਲ ਹੁੰਦੇ ਸੀ ਪਰ ਸ੍ਰੀ ਸਤਿਗੁਰੂ ਜੀ ਦੂਰ ਦਰਸੀ ਸੋਚ, ਉਹਨਾਂ ਨੂੰ ਪਤਾ ਸੀ ਇੱਕ ਦਿਨ ਆਵੇਗਾ ਇਹ ਧਰਤੀ ਸੋਨਾ ਪੈਦਾ ਕਰੇਗੀ ਤੇ ਮੇਰੇ ਸਿੱਖ ਸੁਖ ਲੈਣਗੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਹ ਸੁਪਨਾ ਉਹਨਾਂ ਦੇ ਹੁਕਮ ਮੁਤਾਬਿਕ 100% ਪੂਰਾ ਹੋਇਆ, ਅੱਜ ਸਭ ਸਿੱਖ ਸੁਖ ਮਾਨ ਰਹੇ ਨੇ।

ਸਾ ਧਰਤੀ ਭਈ ਹਰੀਆਂ ਵਲੀ ਜਿਥੇ ਮੇਰਾ ਸਤਿਗੁਰੂ ਬੈਠਾ ਆਇ॥

ਧਰਤੀ ਹਰੀ ਭਰੀ ਦੇ ਨਾਲ ਨਾਲ ਸ੍ਰੀ ਸਤਿਗੁਰੂ ਜੀ ਇਸ ਧਰਤੀ ਨੂੰ ਨਸ਼ਿਆ ਤੋਂ, ਜੀਵ ਹੱਤਿਆ ਤੋਂ ਵੀ ਮੁਕਤ ਕਰਨਾ ਚਾਹੁੰਦੇ ਸਨ, ਜਿਸ ਤਰ੍ਹਾਂ ਗੁਰਬਾਣੀ ਦਾ ਫੁਰਮਾਨ ਹੈ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਣੁ॥

(ਬਾਕੀ ਸਫਾ 2 'ਤੇ)

ਸਤਿਜੁਗ
ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਹਮਾਰਾ ਧੜਾ

ਪੰਜਾਬੀ ਦਾ ਅਖਾਣ ਹੈ, ਧਰਮ ਨਾਲੋਂ ਧੜਾ ਪਿਆਰਾ ਹੁੰਦਾ ਹੈ। ਮਨੁੱਖ ਜਦੋਂ ਧੜੇਬੰਦੀ ਵਿਚ ਪੈ ਜਾਂਦਾ ਹੈ ਤਾਂ ਸੱਚ ਝੂਠ, ਚੰਗਾ ਮੰਦਾ, ਬੁਰਾ-ਭੱਲਾ ਕੁਝ ਨਹੀਂ ਸੋਚਦਾ। ਬਸ ! ਜਿਹੜੀ ਉਸਦੇ ਧੜੇ ਦੀ ਗਲ ਹੋਵੇ ਓਸੇ ਨੂੰ ਠੀਕ ਮੰਨ ਕੇ ਅਮਲ ਕਰਦਾ ਹੈ। ਇੱਕ ਵਾਰ ਇਕ ਵਿਅਕਤੀ ਦੂਜੇ ਨਾਲ ਗਲੀ ਲੱਗਾ ਹੋਇਆ ਸੀ। ਪਹਿਲੇ ਵਿਅਕਤੀ ਦੇ ਪੱਖ ਦੇ ਬੰਦੇ ਕਿਸੇ ਹੋਰ ਵਿਅਕਤੀ ਨੂੰ ਧੌਲ-ਧੱਫਾ ਕਰਦੇ ਆ ਰਹੇਸਨ। ਪਹਿਲਾਂ ਵਿਅਕਤੀ ਗੱਲਾਂ ਵਿਚੇ ਛੱਡ ਕੇ ਗਿਆ ਅਤੇ ਮਾਰ ਖਾ ਰਹੇ ਵਿਅਕਤੀ ਨੂੰ ਦੋ ਲਾ ਆਇਆ।

"ਉਸ ਦਾ ਕਸੂਰ ?"

"ਮੈਨੂੰ ਕੀ ਪਤਾ, ਕੋਈ ਤਾਂ ਹੋਊਗਾ ਮੇਰੇ ਨਾਲ ਦੇ ਐਵੇਂ ਤਾਂ ਨਹੀਂ ਸਨ ਉਸ ਨੂੰ ਮਾਰ ਰਹੇ।" ਉਸ ਨੇ ਪੁੱਛ ਦਾ ਉਤਰ ਦਿੱਤਾ।

ਆਪਣੇ ਧੜੇ ਦਾ ਵਿਅਕਤੀ ਗਲਤ ਵੀ ਸਹੀ ਲਗਦਾ ਹੈ, ਤੇ ਦੂਜੇ ਦੇ ਧੜੇ ਦਾ ਸਹੀ ਵੀ ਗਲਤ। ਧੜੇਬੰਦੀ ਦਾ ਮੁੱਢ ਮੂਲ ਹੀ ਆਪਣੇ ਪਰਾਏ ਦੀ ਸੋਚ ਹੈ।

ਧੜੇਬੰਦੀ ਦੇ ਮੁੱਢ ਮੂਲ ਵਿਚ ਅਹਿਮ ਦਾ ਵਾਸ ਹੁੰਦਾ ਹੈ ਨਹੀਂ ਤਾਂ ਇਕੋ ਜਮਾਤ ਦੇ ਬੰਦੇ ਆਪਣੇ ਆਪ ਨੂੰ ਵੱਖ ਵੱਖ ਧੜਿਆਂ ਵਿਚ ਨਾ ਵੰਡਣ। ਬੀਤੇ ਦੇ ਸਫਿਆਂ ਵਿਚ ਬਹੁਤ ਸਾਰੇ ਐਸੇ ਮਨੁੱਖਾਂ ਦਾ ਚਿਹਰਾ ਮੁਹਰਾ ਨਜ਼ਰ ਆਉਂਦਾ ਹੈ ਜਿਹੜੇ ਇਕੋ ਰੰਗ, ਨਸਲ, ਪਰਵਾਰ ਦੇ ਹੁੰਦੇ ਹੋਏ, ਇਕੋ ਭਾਸ਼ਾ ਭਾਸ਼ਾਈ ਹੁੰਦੇ ਹੋਏ, ਇਕੋ ਧਰਮ, ਮਜ੍ਹਬ, ਦੀਨ ਈਮਾਨ ਨੂੰ ਮੰਨਣ ਵਾਲੇ ਹੋਣ ਦੇ ਬਾਵਜੂਦ ਸਾਂਝਾਂ ਤੋੜ ਬਹਿੰਦੇ ਹਨ। ਇਸ ਵਿਚ ਕਸੂਰ ਆਪਣੇ ਰਹਿਨੁਮਾ ਤੋਂ ਬਾਗੀ ਹੋਣ ਵਾਲੇ ਦਾ ਹੁੰਦਾ ਹੈ ਅਤੇ ਇਸ ਭਾਵਨਾ ਦੇ ਪਿਛੇ ਕੰਮ ਕਰਦੀ ਹੈ ਹਉਮੈ। ਮਨ ਵਿਚ ਦ੍ਰਿੜ ਨਿਸਚਾ ਹੋ ਜਾਂਦਾ ਹੈ ਕਿ ਮੈਂ ਆਪਣੇ ਆਗੂ ਨਾਲੋਂ ਸਿਆਣਾ ਹਾਂ, ਅਗਵਾਈ ਕਰਨ ਦੇ ਸਮਰਥ ਹਾਂ ਤੇ ਲੋਕਾਂ ਵਿਚ ਵਧ ਮਕਬੂਲ ਹਾਂ। ਜਿਸ ਦੇ ਸਿੱਟੇ ਵਜੋਂ ਐਸਾ ਵਿਅਕਤੀ ਪਹਿਲਾਂ ਤਾਂ ਆਪਣੇ ਅੰਦਰ ਘੋਲਦਾ ਰਹਿੰਦਾ ਹੈ ਫਿਰ ਜੋੜ ਤੋੜ ਵਿਚ ਪੈ ਜਾਂਦਾ ਹੈ ਅਤੇ ਅੰਤ ਵਿਚ ਆਪਣਾ ਧੜਾ ਕਾਇਮ ਕਰਦਾ ਹੈ। ਇੰਜ ਨਵੇਂ ਨਵੇਂ ਦਲਾਂ, ਪਾਰਟੀਆਂ, ਗਰੁੱਪਾਂ ਆਦਿ ਦੀ ਗਿਣਤੀ ਵਧਦੀ ਜਾਂਦੀ ਹੈ ਅਤੇ ਉਹ ਮੁੱਖਧਾਰਾ ਤੋਂ ਦੂਰ ਹੁੰਦੇ ਜਾਂਦੇ ਹਨ। ਇਹਨਾਂ ਵਿਚੋਂ ਗਲਤ ਧੜੇ ਸਚਾਈ ਦੀ ਰਾਹ ਤੇ ਚੱਲਣ ਵਾਲਿਆਂ ਤੋਂ ਵੱਡੇ ਵੀ ਹੋ ਸਕਦੇ ਹਨ। ਇਹਨਾਂ ਧੜਿਆਂ ਦੇ ਆਗੂਆਂ ਦੀ ਹਉਮੈ, ਹੰਕਾਰ, ਜ਼ਿਦ, ਆਕੜ ਦੁਨੀਆਂ ਨੂੰ ਕਈ ਵਾਰ ਤਬਾਹੀ ਦੀ ਕਗਾਰ ਤਕ ਪਹੁੰਚਾ ਦਿੰਦੇ ਹਨ।

ਸਾਡੇ ਸਾਮ੍ਹਣੇ ਮਹਾਂਭਾਰਤ ਦੀ ਉਦਾਹਰਨ ਹੈ। ਕੌਰਵਾਂ ਨੇ ਪਾਂਡਵਾ ਦਾ ਹੱਕ ਮਾਰੀ ਰੱਖਿਆ। ਉਹਨਾਂ ਨੂੰ ਜ਼ਲੀਲ ਕਰਨ ਤੇ ਜਾਨੋ ਜਹਾਨੋ ਖਤਮ ਕਰਨ ਲਈ ਹਰ ਹੱਥ ਕੰਡਾ ਅਪਨਾਇਆ। ਕਿਸੇ ਨਰ ਦੇ ਆਖੇ ਕੀ ਲਗਨਾ ਸੀ ਇਸ ਦੀ ਸਿੱਖਿਆ ਨੂੰ ਵੀ ਹੇਚ ਜਾਤਾ, ਵਿਨਾਸ਼ ਕਾਲੇ ਵਿਪਰੀਤ ਬੁੱਧੀ। ਭਗਵਾਨ ਸ੍ਰੀ ਕ੍ਰਿਸ਼ਨ ਨੇ ਹਰ ਸੰਭਵ ਕੋਸ਼ਿਸ਼ ਕੀਤੀ, ਯੁੱਧ ਨੂੰ ਟਾਲਣ ਦੀ ਪਰ ਧੜੇ ਨੇ ਧਰਮ ਦੀ ਰਾਹ ਤੇ ਚੱਲਣ ਹੀ ਨਹੀਂ ਦਿੱਤਾ। ਸਿੱਟਾ ਇਹ ਨਿਕਲਿਆ ਕਿ ੧੮ ਖੂਹਣੀ (ਇੱਕ ਖੂਹਣੀ ਵਿਚ ੨੧੮੭੦ ਹਾਥੀ, ੨੧੮੭੦ ਰੱਥ, ੬੫੬੧੦ ਘੋੜੇ ਅਤੇ ੧੦੯੩੫੦ ਪੈਦਲ : ਕੁੱਲ ੨੧੮੭੦੦) ਦੀ ਫੌਜ ਤਬਾਹ ਹੋ ਗਈ। ਇਸ ਤੋਂ ਪਹਿਲਾਂ ਯੁਗ ਵਿਚ ਲੰਕਾਗੜ੍ਹ ਢਹਿਣ ਵੇਲੇ ਵੀ ਨੁਕਸਾਨ ਕੋਈ ਘੱਟ ਨਹੀਂ ਹੋਇਆ ਅਤੇ ਜਿੱਤ ਸਦਾ ਧਰਮ ਦੀ, ਨਿਆਂਕਾਰੀ ਤੇ ਸੱਚੇ ਸੁੱਚੇ ਧੜੇ ਦੀ ਹੋਈ, ਨਾਰਾਇਣ ਦੀ ਹੋਈ। ਜਿਹੜਾ ਮਾਤ ਲੋਕ ਵਿਚ ਚੋਜ ਕਰਨ ਲਈ ਭਗਵਾਨ ਰਾਮ, ਭਗਵਾਨ ਕ੍ਰਿਸ਼ਨ ਦੇ ਜਾਮੇ ਵਿਚ ਅਵਤਰਿਤ ਹੋਇਆ ਸੀ।

ਉਹੀ ਨਰਾਇਣ ਚੌਥੇ ਪਾਤਸ਼ਾਹ ਸਤਿਗੁਰੂ ਰਾਮ ਦਾਸ ਦੇ ਜਾਮੇ ਵਿਚ ਪ੍ਰਗਟ ਹੋਇਆ ਤਾਂ ਧੜੇਬੰਦੀ ਬਾਰੇ ਉਹਨਾਂ ਨੇ ਗਲਤ ਪੱਖ ਛੱਡ ਕੇ ਸਹੀ ਦ੍ਰਿਸ਼ਟੀਕੌਣ ਤੇ ਪੱਖ ਅਪਨਾਉਣ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਆਸਾ ਰਾਗ ਦੇ ਇਕ ਸ਼ਬਦ ਵਿਚ ਉਚਾਰਿਆ ਕਿ ਕੋਈ ਆਪਣੇ ਮਿੱਤਰ, ਭਰਾਵਾਂ, ਕੁੜਮਾਂ ਆਦਿ ਰਿਸ਼ਤੇਦਾਰਾਂ ਨਾਲ ਧੜਾ ਕਾਇਮ ਕਰਦਾ ਹੈ। ਕੋਈ ਆਪਣੇ ਸੁਆਰਥ ਲਈ ਰਾਜਨੀਤਕ ਤਾਕਤ ਦੇ ਮਾਲਕ ਚੌਧਰੀਆਂ ਨਾਲ ਧੜੇ ਜੋੜਦੇ ਹਨ। ਪਰ ਉਹ ਸਭ ਖੁਦ ਚੱਲਣਹਾਰ ਹਨ। ਇਹ ਧੜੇ ਮੋਹ ਮਾਇਆ ਦਾ ਪਸਾਰਾ ਹੈ। ਮੂਰਖ ਲੋਕ ਮੋਹ ਮਾਇਆ ਲਈ ਲੜਦੇ ਹਨ ਉਹਨਾਂ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਘਰ ਕਰ ਜਾਂਦੇ ਹਨ।

ਉਂਜ ਵੀ ਸਭ ਸੁਆਰਥੀ, ਸੁਆਂਦਾ, ਲੜਾਈ ਝਗੜਿਆਂ ਦਾ ਮੁੱਢ ਮੂਲ ਇਹ ਪੰਜ ਵਿਕਾਰ ਹੀ ਹਨ।

ਸਹੀ ਧੜਾ ਕਿਹੜਾ ਹੈ ਬਾਰੇ ਆਪ ਨੇ ਲਿਖਿਆ ਹੈ :

***ਹਮਾਰਾ ਧੜਾ ਹਰਿ ਰਹਿਆ ਸਮਾਈ।***
***ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ।***
***ਮੈ ਹਰ ਬਿਨੁ ਪਖੁ ਧੜਾ ਅਵਰੁ ਨਾ ਕੋਈ***
***ਹਉ ਹਰਿ ਗੁਣ ਗਾਵਾ ਅਸੰਖ ਅਨੇਕ। (ਮਹਲਾ ੪)***

ਉਸ ਅਕਾਲ ਪੁਰਖ ਦੇ ਧੜੇ ਨੂੰ ਇਸ ਕਰਕੇ ਅਪਣਾਇਆ ਗਿਆ ਹੈ ਕਿ ਉਹ ਅਧਰਮ ਦਾ ਨਹੀਂ ਧਰਮ ਦਾ ਧੜਾ ਹੈ, ਛਲ, ਫਰੇਬ, ਕਪਟ ਨਾਲ ਜਿੱਤ ਹਾਰ ਦਾ ਫੈਸਲਾ ਕਰਨ ਵਾਲਾ ਤੇ ਕਿਸੇ ਸੁਆਰਥ ਨਾਲ ਜੁੜਿਆ ਧੜਾ ਨਹੀਂ ਸਗੋਂ ਪਰਮੇਸ਼ਰ ਦੇ ਨਾਂ ਵਾਲਾ ਧੜਾ ਹੈ ਜਿਸ ਨਾਲ ਸਾਰਾ ਜਗਤ ਜਿਤਿਆ ਜਾ ਸਕਦਾ ਹੈ।

***ਜਨ ਨਾਨਕ ਦਾ ਹਰਿ ਧੜਾ ਧਰਮੁ ਸਭਿ ਸ੍ਰਿਸਟਿ ਜਿਣਿ ਆਵੈ।।***

ਅੱਜ ਵੀ ਪਹਿਰੇ ਦਾ ਮਾਲਕ ਸਤਿਗੁਰੂ ਗੁਰ ਪਰਮੇਸਰੁ ਪਾਰਬ੍ਰਹਮ ਹੈ। ਸੋ ਉਹਨਾਂ ਦਾ ਉਪਦੇਸ਼ ਮੰਨਣ ਵਿਚ ਹੀ ਸੁਖ ਹੈ। **-ਤਾਰਾ ਸਿੰਘ ਅਨਜਾਣ**

# ਨਸ਼ਾ ਮੁਕਤ ਰੈਲੀ....(ਬਾਕੀ ਸਫਾ 1 ਦੀ)




**ਨਸ਼ਿਆਂ ਤੇ ਠਲ੍ਹ ਪਾਉਣ ਲਈ ਕੱਢੀ ਰੈਲੀ ਦੌਰਾਨ ਨੌਜਵਾਨ ਵਿਸ਼ਾਲ ਜਲਸੇ ਦੇ ਰੂਪ ਵਿਚ।**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਪਿੰਡ ਵਸਾ ਕੇ ਆਪਣੇ ਸਿਖਾਂ ਦੀ ਸੁਖ ਸਾਂਦ ਪੁਛਣੀ ਤੇ ਲੋੜਵੰਦਾਂ ਨੂੰ ਜ਼ਰੂਰੀ ਸਮਗਰੀ ਦੇਣੀ। ਸ੍ਰੀ ਸਤਿਗੁਰੂ ਜੀ ਦੀ ਦਿਲੀ ਇਛਾ ਹੁੰਦੀ ਸੀ ਕਿ ਮੇਰੇ ਸਿਖਾਂ ਕੋਲ ਸੁਖ ਦੇ ਸਾਰੇ ਸਾਧਨ ਹੋਣ। ਜੋ ਸੁਪਨਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਰਜਿਆ ਸੀ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੱਚ ਕਰ ਵਿਖਾਇਆ। ਇਹ ਸਾਰਾ ਇਲਾਕਾ ਮੀਟ ਸ਼ਰਾਬ ਤੇ ਤਮਾਕੂ ਰਹਿਤ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਧਰਤੀ ਤੇ ਕਿੰਨੇ ਹੀ ਹੋਲੇ, ਕਿੰਨੇ ਹੀ ਅੱਸੂ ਦੇ ਮੇਲੇ, ਅਖੰਡ ਪਾਠ ਤੇ ਸਧਾਰਨ ਪਾਠਾਂ ਦੇ ਭੋਗ ਪੁਆਏ। ਨਾਮ ਬਾਣੀ ਦਾ ਐਸਾ ਪਰਵਾਹ ਚਲਾਇਆ ਸਾਰੀ ਸੰਗਤ ਨਾਮ ਦੀ ਰੰਗਤ ਵਿਚ ਰੰਗੀ ਰਹਿੰਦੀ ਸੀ। ਸ੍ਰੀ ਸਤਿਗੁਰੂ ਜੀ ਦੀ ਆਪਣੀ ਰਜ਼ਾ ਅਨੁਸਾਰ ਸੇਹਤ ਢਿਲੀ ਹੋਣ ਕਰਕੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਰਹਿੰਦੇ। ਇਕ ਲੰਮਾਂ ਸਮਾਂ ਸ੍ਰੀ ਜੀਵਨ ਨਗਰ ਇਲਾਕਾ ਵਿਖੇ ਦਰਸ਼ਨ ਨਾ ਦੇਣ ਕਰਕੇ ਇਥੋਂ ਦੀ ਨੌਜਵਾਨ ਪੀੜ੍ਹੀ ਵਿਚ ਫਿਰ ਉਹ ਕੁਰੀਤੀਆਂ ਆ ਗਈਆਂ ਜੋ ਕਿ ਇਕ ਚਿੰਤਾ ਦਾ ਵਿਸ਼ਾ ਹੈ:

*ਖਿੜਿਆ ਰਾਮ ਪ੍ਰਤਾਪ ਦਾ ਬਾਗ ਸੋਹਣਾ।*
*ਹਰ ਪਾਸੇ ਇਹ ਮੈਹਿਕਾਂ ਖਿਡਾਈ ਜਾਂਦਾ ਏ।*
*ਨਾਮ ਬਾਣੀ ਨਾਲ ਸੀਚਿਆ ਜਗਜੀਤ ਗੁਰ ਨੇ।*
*ਹੁਣ ਉਦੈ ਸਿੰਘ ਪਾਣੀ ਪਾਈ ਜਾਂਦਾ ਏ।*

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਜ ਯੋਗ ਗੱਦੀ ਤੇ ਸੁਭਾਇਮਾਨ ਹੋਏ ਤਾਂ ਪ੍ਰੈਸ ਵਾਲਿਆਂ ਨੇ ਪੁਛਿਆ ਕਿ ਅਗੇ ਤੁਹਾਡੇ ਕੀ ਪ੍ਰੋਗਰਾਮ ਹਨ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਜੋ ਪ੍ਰੋਗਰਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਦੇ ਗਏ ਹਨ ਅਸੀਂ ਉਹਨਾਂ ਨੂੰ ਹੀ ਅਗੇ ਤੋਰਨਾ ਹੈ ਤੇ ਉਸੇ ਤਰ੍ਹਾਂ ਹੀ ਹੋਲੇ ਮਹੱਲੇ, ਅੱਸੂ ਦੇ ਮੇਲੇ, ਸੰਮੇਲਨ ਤੇ ਅਖੰਡ ਪਾਠ ਦੀ ਲੜੀ ਅਗੇ ਤੋਰਨ ਦੇ ਨਾਲ ਨਾਲ ਜੋ ਹੁਕਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰਦੇ ਸਨ ਗੁਰਬਾਣੀ ਅਨੁਸਾਰ ਕਬੀਰ ਜੀ ਲਿਖਦੇ ਨੇ :

***ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ।।***
***ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ।।***

ਦੇ ਮਹਾਵਾਕ ਅਨੁਸਾਰ ਜੋ ਵੀ ਕੋਈ ਨਸ਼ਾ ਕਰਦਾ ਹੈ ਉਸ ਦਾ ਪੂਜਾ ਪਾਠ ਸਭ ਵਿਅਰਥ ਚਲਾ ਜਾਂਦਾ ਹੈ। ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਬਹੁਤ ਚਿੰਤਤ ਸਨ ਕਿ ਸਾਰੀ ਨੌਜਵਾਨ ਪੀੜ੍ਹੀ ਜੋ ਕਿ ਨਸ਼ਿਆਂ ਵਿਚ ਲਿਪਤ ਹੋ ਕੇ ਆਪਣੀਆਂ ਜਵਾਨੀਆਂ, ਆਪਣੇ ਪਰਿਵਾਰ ਤੇ ਆਪਣੀਆਂ ਆਉਣ ਵਾਲੀਆਂ ਨਸ਼ਲਾਂ ਤੇ ਪੈਸੇ ਦੀ ਬਰਬਾਦੀ ਕਰ ਰਹੀ ਹੈ ਇਸ ਨੂੰ ਮੋੜ ਕੇ ਫਿਰ ਸਿਧੇ ਪਾਸੇ ਲਿਆਂਦਾ ਜਾਵੇ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ 7.6.16 ਨੂੰ ਉਚੇਚੇ ਤੌਰ ਤੇ ਸ੍ਰੀ ਭੈਣੀ ਸਾਹਿਬ ਤੋਂ ਸੰਤ ਨਗਰ ਪ੍ਰਤਾਪ ਮੰਦਰ ਵਿਚ ਦਰਸ਼ਨ ਦੇ ਕੇ ਸਾਰੇ ਪਿੰਡਾਂ ਨੂੰ ਨਸ਼ਿਆਂ ਤੋਂ ਮੁਕਤ ਕਰਨ ਦਾ ਉਪਦੇਸ਼ ਦਿੱਤਾ। ਪੂਰਨ ਸਿੰਘ ਵਿਰਕ ਨੂੰ ਹੁਕਮ ਹੋਇਆ ਕਿ ਅਗੇ ਲਗ ਕੇ ਸਾਰੇ ਕੰਮ ਕਰੋ।

ਉਸ ਤੋਂ ਬਾਅਦ 21-.6.16 ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਕ ਮਹਾਂ ਨਸ਼ਾ ਮੁਕਤ ਰੈਲੀ ਦਾ ਆਯੋਜਨ ਕੀਤ ਗਿਆ। ਉਸ ਦੀ ਅਗਵਾਈ ਪੂਰਨ ਸਿੰਘ ਵਿਰਕ, ਸੁਰਜੀਤ ਸਿੰਘ, ਗੁਰਚਰਨ ਸਿੰਘ ਪੱਪੂ ਤੇ ਗੁਰਚਰਨ ਸਿੰਘ ਕਿਲੇ ਵਾਲਿਆਂ ਨੇ ਕੀਤੀ। ਜਦੋਂ ਇਸ ਰੈਲੀ ਦਾ ਪਤਾ ਬੱਨੀ ਪਿੰਡ ਪਤਾ ਲਗਾ ਤੇ ਪਿੰਡ ਦੇ ਸਰਪੰਚ ਰਾਮ ਸਿੰਘ ਤੇ ਡੇਰਾ ਸੱਚਾ ਸੌਦਾ ਦੇ ਮੁੱਖ ਸੇਵਾਦਾਰ ਜਗਰਾਜ ਸਿੰਘ ਨੇ ਵੀ ਸਹਿਮਤੀ ਵਿਖਾਈ ਤੇ ਕਿਹਾ ਕਿ ਸਾਡੇ ਵੀ ਘਰ ਬਰਬਾਦ ਹੋ ਰਹੇ ਨੇ ਇਸ ਕੰਮ ਵਿਚ ਅਸੀਂ ਵੀ ਤੁਹਾਡੇ ਨਾਲ ਹਾਂ ਤੇ ਨਾਲ ਹੀ ਰਾਧਾ ਸੁਆਮੀ ਸੰਗਤ ਤੇ ਹੋਰ ਵੀ ਧਾਰਮਿਕ ਆਗੂਆਂ ਨੇ ਇਸ ਰੈਲੀ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਕਰੀਬ 3 ਕਿਲੋਮੀਟਰ ਤੋਂ ਵਧ ਲੰਮੀ ਇਸ ਰੈਲੀ ਦੇ ਕਾਫਲੇ ਵਿਚ ਮੋਟਰ ਸਾਈਕਲ, ਕਾਰਾਂ, ਜੀਪਾਂ ਤੇ ਫੋਰਵੀਲਰ ਤੇ ਹੋਰ ਸਾਧਨਾਂ ਦਾ ਨਜ਼ਾਰਾ ਵੇਖਣ ਵਾਲਾ ਸੀ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਹਰ ਪਿੰਡ ਵਿਚ ਠੰਡੇ ਤੇ ਮੀਠੇ ਪਾਣੀ ਦੀ ਛਬੀਲ, ਕਿਤੇ ਲੱਡੂ ਤੇ ਕਿਤੇ ਬਰਫੀ ਦੇ ਲੰਗਰ ਚਲਦੇ ਰਹੇ। ਕਰੀਬ 11 ਵਜੇ ਸਾਧ ਸੰਗਤ ਦਾ ਠਾਠਾਂ ਮਾਰਦਾ ਇਹ ਸਮੁੰਦਰ ਅਰਜਨ ਮੰਡੀ ਸ੍ਰੀ ਜੀਵਨ ਨਗਰ ਵਿਖੇ ਪਹੁੰਚ ਗਿਆ। ਇਥੇ ਵੀ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਛਰਦਾਈ ਦਾ ਲੰਗਰ ਚਲ ਰਿਹਾ ਸੀ। ਸਾਧ ਸੰਗਤ ਜਲ ਪਾਣੀ ਛਕ ਕੇ ਥਲੇ ਬੈਠ ਗਈ ਤੇ ਬੁਲਾਰਿਆਂ ਨੇ, ਜਥੇਦਾਰਾਂ ਨੇ ਵਿਸ਼ੇਸ਼ ਤੌਰ ਤੇ ਆਏ ਡੀ. ਐਸ. ਪੀ. ਐਲਨਾਬਾਦ, ਐਸ. ਡੀ. ਐਮ. ਐਲਨਾਬਾਦ, ਐਸ. ਐਚ. ਓ. ਰਾਣੀਆਂ ਤੇ ਹੋਰ ਬਹੁਤ ਸਾਰੇ ਅਧਿਕਾਰੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਅੰਤ ਵਿਚ ਪੂਰਨ ਸਿੰਘ ਵਿਰਕ ਤੇ ਧਿਆਨ ਸਿੰਘ ਮੁਕਤਾ ਨੇ ਸ੍ਰੀ ਸਤਿਗੁਰੂ ਜੀ ਵਲੋਂ ਸਾਰੀ ਸੰਗਤ ਦਾ ਧੰਨਵਾਦ ਕੀਤਾ। ਅਸੀਂ ਅਰਜ਼ ਕਰਦੇ ਹਾਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਕਿ ਇਸੇ ਤਰ੍ਹਾਂ ਹੀ ਸਾਡੇ ਸਿਰ ਤੇ ਹੱਥ ਰੱਖਣ ਤੇ ਆਪਣੇ ਚਰਨੀਂ ਲਾਈ ਰੱਖਣ।

*ਤੂੰ ਚੰਨ ਹੈਂ ਭੈਣੀ ਸਾਹਿਬ ਦਾ ਤੇਰੀ ਸਾਰੇ ਜਗ ਵਿਚ ਲੋ।*
*ਤੂੰ ਇੰਜ ਦਿਲਾਂ ਵਿਚ ਵਸਦਾ ਜਿਵੇਂ ਫੁੱਲਾਂ ਵਿਚ ਖੁਸ਼ਬੋ।*
*ਤੂੰ ਜੋਤ ਹੈ ਜਗਜੀਤ ਦੀ ਤੇਰਾ ਸਾਰਿਆਂ ਨਾਲ ਪਿਆਰ।*
*ਤੂੰ ਹਥ ਰਖ ਸਾਡੇ ਸਿਰਾਂ ਤੇ ਸਾਡਾ ਜੀਵਨ ਦੇ ਸਵਾਰ।*

**-ਗੁਰਮੀਤ ਸਿੰਘ ਚਾਨਾ**
**ਸਕੱਤਰ ਵਿ. ਨਾ. ਵਿ. ਜਥਾ**

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

*ਨਾਮਧਾਰੀ ਨੌਜਵਾਨਾਂ ਤੇ ਬੱਚਿਆਂ ਨੂੰ ਸੰਮੇਲਨ ਦੇ ਭੋਗ ਸਮੇਂ ਉਪਦੇਸ਼ (ਭਾਗ : 1)* *27-6-2016- ਸ੍ਰੀ ਭੈਣੀ ਸਾਹਿਬ*

## ਇਹ ਸੱਚ ਦਾ ਪ੍ਰਚਾਰ ਇਸ ਤਰ੍ਹਾਂ ਈ ਹੁੰਦਾ ਰਹੇ



ਪਰਮ ਸਤਿਕਾਰਯੋਗ ਸਾਧ ਸੰਗਤ ਜੀ ਸਾਰੇ ਇੱਕ ਵਾਰੀ ਮਨ ਬਿਰਤੀ ਇਕਾਗਰ ਕਰੋ ਰਸਨਾ ਪਵਿੱਤਰ ਕਰੋ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਿਸ਼ਾਹ,ਇੱਕ ਵਾਰੀ ਉਸ ਸੱਚੇ ਪਾਤਿਸ਼ਾਹ ਨੂੰ ਯਾਦ ਕਰੀਏ ਜਿਨਾਂ ਦੀ ਦਿੱਤੀ ਹੋਈ ਦੇਣ ਇਹ ਵਿੱਦਿਅਕ ਸੰਮੇਲਨ,ਜਿਨ੍ਹਾਂ ਦੀ ਕਿਰਪਾ ਨਾਲ ਅਸੀਂ ਏਥੇ ਇਕੱਠੇ ਹੋਏ ਹਾਂ, ਜਿਨ੍ਹਾਂ ਨੇ ਖਾਸ ਕਰਕੇ ਇਹ ਉੱਦਮ ਦਿੱਤਾ ਕਿ ਨੌਜਵਾਨ ਬੀਬੀਆਂ ਸਿੰਘ ਇਕੱਠੇ ਹੋਵੋ, ਅੱਗੇ ਹੋ ਕੇ.. ਸਤਿਗੁਰੂ ਰਾਮ ਸਿੰਘ ਸੱਚੇ ਪਾਤਿਸ਼ਾਹ ਦਾ ਝੰਡਾ ਉਸ ਤਰ੍ਹਾਂ ਈ ਝੁੱਲਦਾ ਰਹੇ। ਇਹ ਸੱਚ ਦਾ ਪ੍ਰਚਾਰ ਇਸ ਤਰਾਂ ਈ ਹੁੰਦਾ ਰਹੇ ਉਸ ਪਾਤਿਸ਼ਾਹ ਨੂੰ ਯਾਦ ਕਰੋ ਇੱਕ ਵਾਰ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਿਸ਼ਾਹ।ਤੁਸੀ ਸਭ ਤੋਂ ਪਹਿਲਾਂ ਇਹ ਸੰਮੇਲਨ ਜਿੰਨਾਂ ਨੇ ਪ੍ਰਬੰਧ ਕੀਤਾ ਜਿੰਨਾਂ ਨੇ ਉੱਦਮ ਲਿਆ,ਮੈਂ ਸਮਝਨਾਂ ਕਿ ਉਹਨਾਂ ਦੀ ਬਹੁਤ ਵੱਡੀ ਕਿਸਮਤ ਹੈ ਕਿ ਉਹਨਾਂ ਨੇ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਸੇਵਾ ਕੀਤੀ ਹੈ।ਉਹਨਾਂ ਦਾ ਧੰਨਵਾਦ ਵੀ ਹੈ ਉਹਨਾਂ ਤੇ ਸੱਚੇ ਪਾਤਿਸ਼ਾਹ ਦੀ ਅਪਾਰ ਕਿਰਪਾ ਕਿ ਉਹਨਾਂ ਨੇ ਇਹ ਸੇਵਾ ਕੀਤੀ ਏ ਤੇ ਸਾਰੀ ਸੰਗਤ ਨੂੰ ਇਕੱਠਾ ਕੀਤਾ ਤੇ ਸੱਚੇ ਪਾਤਿਸ਼ਾਹ ਦੀ ਸੋਭਾ ਕਰਾਈ।ਬੜੇ ਸੋਹਣੇ ਸੋਹਣੇ ਢੰਗ ਉਹਨਾਂ ਲੱਭੇ ਨੇ ਕਿ ਜਿਹਦੇ ਵਿੱਚ ਬੱਚਿਆਂ ਦੇ ਅਲੱਗ ਅਲੱਗ ਤਰ੍ਹਾਂ ਦੇ ਕੰਪੀਟੀਸ਼ਨ ਕੀਤੇ ਨੇ ਤੇ ਉਹਨਾਂ ਕੋਸ਼ਿਸ਼ ਕੀਤੀ ਏ ਕਿ ਸਾਰੇ ਬੱਚੇ ਇਨਵਾਲਵ ਹੋ ਜਾਣ ਕਿਉਂਕਿ ਇਸ ਕਲਯੁਗ ਦੇ ਸਮੇਂ ਵਿੱਚ ਧਰਮ ਲਈ,ਨਾਮ ਸਿਮਰਨ ਲਈ,ਸੇਵਾ ਲਈ ਇਕੱਠੇ ਹੋਣਾ ਬਹੁਤ ਮੁਸ਼ਕਿਲ ਹੁੰਦਾ ਤੇ ਉਹਨਾਂ ਤੇ ਸੱਚੇ ਪਾਤਿਸ਼ਾਹ ਦੀ ਕਿਰਪਾ ਕਿ ਪ੍ਰਬੰਧਕਾਂ ਨੇ ਢੰਗ ਲੱਭ ਲਏ ਨੇ ਕਿ ਜਿਹਦੇ ਨਾਲ ਆਪਾਂ ਸਾਰਿਆਂ ਨੂੰ ਇਕੱਠੇ ਵੀ ਕਰ ਲਿਆ ਤੇ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਉਸਤਤ ਵੀ ਕਰਾਈ ਹੈ, ਨਾਮ ਸਿਮਰਨ ਵੀ ਕਰਾਇਆ, ਬੱਚਿਆਂ ਨੂੰ ਇਹ ਵੀ ਪਤਾ ਲੱਗਾ ਕਿ ਸੰਗਤ ਵਿੱਚ ਕਿਸ ਤਰਾਂ ਆਉਣਾਂ। ਸੱਚੇ ਪਾਤਿਸ਼ਾਹ ਕਿਰਪਾ ਕਰਨ ਸਾਨੂੰ ਸਾਰਿਆਂ ਨੂੰ ਉੱਦਮ ਬਖਸਣ ਇਹ ਕਿਰਪਾ ਕਰਨ ਕਿ ਅਸੀਂ ਇਸ ਤਰਾਂ ਈ ਉਹਨਾਂ ਦੀ ਸੋਭਾ ਕਰਦੇ ਰਹੀਏ ਇਸ ਤਰ੍ਹਾਂ ਹੀ ਉਹਨਾਂ ਦੇ ਦੱਸੇ ਹੋਏ ਰਾਹ ਤੇ ਚੱਲਦੇ ਰਹੀਏ।

ਇਹ ਜਿਹੜੇ ਪਹਿਲਾਂ ਸੇਵਾ ਕਰਦੇ ਸੀ, ਬਹੁਤ ਸਾਲਾਂ ਤੋਂ ਸੰਤ ਗੁਰਮੁਖ ਸਿੰਘ ਜੀ ਸਿੰਘਾਂ ਵਿੱਚ, ਬੀਬੀਆਂ ਵਿੱਚ ਬੀਬੀ ਸੁਖਜੀਤ ਕੌਰ, ਬੀਬੀ ਕੁਲਵੰਤ ਕੌਰ, ਬੀਬੀ ਅਮਰਜੀਤ ਕੌਰ, ਬੀਬੀ ਨਰਿੰਦਰ ਕੌਰ, ਇਹ ਸਾਰੇ ਹੁਣ ਅੱਗੇ ਤੋਂ ਅਡਵਾਈਜ਼ਰ ਦੇ ਰੂਪ ਵਿੱਚ ਜਿਹੜੀ ਅਗਲੀ ਜਨਰੇਸ਼ਨ ਹੈ ਉਹਨਾਂ ਨੂੰ ਗਾਈਡੈਂਸ ਦੇਣਗੇ। ਸੇਵਾ ਕਰਦੇ ਰਹਿਣਗੇ ਪਰ ਗਾਈਡ ਦੇ ਰੂਪ ਵਿੱਚ ਤਾਂਕਿ ਜਿਹੜੀ ਅਗਲੀ ਜਨਰੇਸ਼ਨ ਹੈ ਅੱਗੇ ਤੋਂ ਉਹ ਸੰਮੇਲਨ ਕਰਾਵੇ ਤੇ ਉਹਨਾਂ ਦੀ ਇਹ ਕਮੇਟੀ ਬਣਾਈ ਏ, ਨੌਜਵਾਨਾਂ ਵਿੱਚ ਪੁਸ਼ਪਿੰਦਰ ਸਿੰਘ, ਸੁਖਵਿੰਦਰ ਸਿੰਘ, ਹਰਪਾਲ ਸਿੰਘ ਸੁਖਵਿੰਦਰ ਸਿੰਘ ਅੱਗੇ ਕਰਦੇ ਈ ਨੇ,ਮੰਗਲਜੀਤ ਸਿੰਘ, ਗੁਰਮੀਤ ਸਿੰਘ ਏਲਨਾਬਾਦ ਤੋਂ ਤੇ ਹਰਪ੍ਰੀਤ ਸਿੰਘ ਮੰਡੀ ਤੋਂ ਤੇ ਗੁਰਦੇਵ ਸਿੰਘ ਚੀਮਾਂ।

ਇਸ ਤਰਾਂ ਈ ਬੀਬੀਆਂ ਵਿੱਚ ਬੀਬੀ ਲਖਵਿੰਦਰ ਕੌਰ,ਬੀਬੀ ਜਯੋਤਸਨਾਂ ਮੰਡੀ ਤੋਂ ਬੀਬੀ ਅਮਨਪ੍ਰੀਤ ਕੌਰ ਜਾਲਖੇੜੀ ਤੋਂ ਬੀਬੀ ਸੁੰਦਰ ਸਰੂਪ ਕੌਰ ਮਸਤਾਨਗੜ੍ਹ ਤੋਂ ਬੀਬੀ ਸੁਮਤੇਸ਼ਵਰ ਕੌਰ ਸਰਸਾ ਤੋਂ ਇਹ ਬੀਬੀਆਂ ਸੇਵਾ ਕਰਨਗੀਆਂ ਇਕੱਠੇ ਰੂਪ ਵਿੱਚ। ਅਸੀਂ ਕੋਈ ਇਹਦੇ ਵਿੱਚ ਪ੍ਰਧਾਨ ਸਕੱਤਰ ਨਹੀ ਬਣਾਇਆ, ਇਹ ਸਾਰੇ ਇਕੱਠੇ ਰੂਪ ਵਿੱਚ ਸੇਵਾ ਕਰਨਗੀਆਂ। ਸਰਦਾਰ ਗੁਰਮੁਖ ਸਿੰਘ ਤੇ ਬੀਬੀ ਸੁਖਜੀਤ ਕੌਰ,ਕੁਲਵੰਤ ਕੌਰ ਇਹ ਸਾਰੇ ਉਸ ਤਰਾਂ ਈ ਇਹਨਾਂ ਨੂੰ ਅਡਵਾਈਜ਼ਰ ਦੇ ਰੂਪ ਵਿੱਚ ਗਾਈਡੈਂਸ ਦੇਣਗੇ।

ਵਿੱਦਿਅਕ ਸੰਮੇਲਨ ਅੱਗੋਂ ਤੋਂ ਕਿਸ ਤਰਾਂ ਕਰਨਾਂ ਹੈ ਕੁਛ ਇਹ ਵਿਚਾਰ ਹੋ ਰਿਹਾ ਸੀ। ਐਤਕੀਂ ਜਿਹੜਾ ਸੰਮੇਲਨ ਹੋਇਆ ਹੈ, ਗਰਮੀ ਬਹੁਤ ਸੀ ਪਿਛਲੀ ਵਾਰੀ ਤਾਂ ਆਪਾਂ ਮੰਡੀ ਕਰ ਲਿਆ ਸੀ। ਗਰਮੀ ਬਹੁਤ ਮਹਿਸੂਸ ਹੁੰਦੀ ਹੈ ਇਸ ਲਈ ਆਪਾਂ ਕਿਸੇ ਚੰਗੇ ਮੌਸਮ ਵਿੱਚ ਜਾਂ ਸਿਆਲ ਵਿੱਚ ਜਾਂ ਅੱਸੂ ਦੇ ਮੇਲੇ ਵਿੱਚ ਕਰ ਸਕਦੇ ਹਾਂ। ਤੁਸੀਂ ਜਿੰਨੇ ਵੀ ਡੈਲੀਗੇਟ ਆਏ ਹੋ ਆਪਣੀ ਫੀਡਬੈਕ ਆਪਣੇ ਪ੍ਰਬੰਧਕਾਂ ਨੂੰ ਦੱਸੋ ਉਸ ਹਿਸਾਬ ਨਾਲ ਆਪਾਂ ਅੱਗੇ ਸੰਮੇਲਨ ਦਾ ਪ੍ਰੋਗਰਾਮ ਬਣਾ ਲਈਏ ਤਾਂ ਕਿ ਅੱਗੇ ਹੋਰ ਵੀ ਸੌਖਾ ਹੋ ਜਾਵੇ ਗਰਮੀ ਵਿੱਚ ਕਿਸੇ ਤਰਾਂ ਦੀ ਦਿੱਕਤ ਨਾ ਆਵੇ। ਕੁਛ ਮੈਂ ਜਰਨਲ ਗੱਲਾਂ ਕਰਨ ਤੋਂ ਪਹਿਲਾਂ ਜਿਨ੍ਹਾਂ ਜਿਨ੍ਹਾਂ ਨੇ ਵੀ ਸੇਵਾ ਕੀਤੀ ਏ ਮੇਰੇ ਵੱਲੋਂ ਧੰਨਵਾਦ ਤੇ ਸੱਚੇ ਪਾਤਿਸ਼ਾਹ ਦੀਆਂ ਖੁਸ਼ੀਆਂ। ਬਹੁਤ ਵੱਡੀ ਸੇਵਾ ਹੈ ਜਿਨ੍ਹਾਂ ਨੇ ਜੋੜਿਆਂ ਦੀ ਸੇਵਾ ਕੀਤੀ। ਜਿਨ੍ਹਾਂ ਨੇ ਏਨੀ ਗਰਮੀ ਵਿੱਚ ਬੀਬੀਆਂ ਨੇ ਸਿੰਘਾਂ ਨੇ ਲੰਗਰ ਦੀ ਸੇਵਾ ਕੀਤੀ ਹੈ, ਏਥੇ ਸਾਊਂਡ ਦੀ ਸੇਵਾ ਕੀਤੀ ਹੈ ਪਹਿਰੇ ਦੀ ਸੇਵਾ ਕੀਤੀ ਏ ਉਹਨਾਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਸੱਚੇ ਪਤਿਸ਼ਾਹ ਕਿਰਪਾ ਕਰਨ, ਬਲ ਬਖਸ਼ਣ ਕਿ ਨਿਰਮਾਣਤਾ ਨਾਲ ਸੇਵਾ ਇਸ ਤਰਾਂ ਈ ਹੁੰਦੀ ਰਵੇ। ਮਨ ਵਿੱਚ ਵੀ ਨਾ ਇਹ ਆਵੇ ਕਿ ਅਸੀਂ ਸੇਵਾ ਕੀਤੀ ਏ।। ਜੇ ਸੇਵਾ ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹਨਾਂ ਦੀ ਕਿਰਪਾ ਨਾਲ ਮਿਲਦਾ ਹੈ। ਸੱਚੇ ਪਤਿਸ਼ਾਹ ਦੇ ਬਚਨ ਤੇ ਬਹੁਤ ਯਾਦ ਆਉਂਦੇ ਰਹਿੰਦੇ ਨੇ, ਤੇ ਆਪਾਂ ਉਹਨਾਂ ਦੇ ਹਰ ਇੱਕ ਬਚਨ ਤੋਂ ਕੁਛ ਨਾ ਕੁਛ ਸਿੱਖਦੇ ਹਾਂ ਇੱਕ ਸੱਚੇ ਪਾਤਿਸ਼ਾਹ ਇਹ ਹੁਕਮ ਕਰਦੇ ਹੁੰਦੇ ਸੀ ਕਿ ਜੇ ਤੁਸੀਂ ਕਿਸੇ ਲੋੜਵੰਦ ਦੀ ਮਦਦ ਕਰੋ, ਲੋੜਵੰਦ ਦੀ ਮਦਦ ਕਰਕੇ ਉਹਦਾ ਧੰਨਵਾਦ ਕਰੋ ਕਿ ਤੂੰ ਮੇਰੇ ਤੋਂ ਮਦਦ ਲਈ ਏ। ਤਾਂ ਜੋ ਤੁਹਾਡੇ ਮਨ ਚ ਨਾ ਹੰਕਾਰ ਆਵੇ ਕਿ ਮੈਂ ਕੁਛ ਦੇਣ ਵਾਲਾ ਹਾਂ। ਸੱਚੇ ਪਾਤਿਸ਼ਾਹ ਹੁਕਮ ਕਰਦੇ ਹੁੰਦੇ ਸੀ ਦੇਣ ਵਾਲੇ ਅਸੀਂ ਕੌਣ ਹਾਂ ? ਉਹਦੀ ਮਾਇਆ ਜੇ ਉਹ ਸਾਡੇ ਤੋਂ ਚੰਗਾ ਕੰਮ ਕਰਾ ਲੈਂਦਾ ਹੈ ਇਹ ਸਾਡੇ ਮਾਲਕ ਦੀ ਕਿਰਪਾ ਹੈ। ਸੱਚੇ ਪਾਤਿਸ਼ਾਹ ਦੇ ਹਰ ਇੱਕ ਬਚਨ ਵਿੱਚ ਸਾਨੂੰ ਕੁਛ ਨਾ ਕੁਛ ਸਿੱਖਣ ਦੀ ਗੱਲ ਮਿਲਦੀ ਏ। ਕੱਲ ਹਰਪਾਲ ਸਿੰਘ (ਸੇਵਕ) ਗੱਲ ਕਰਦਾ ਸੀ , ਕਿਉਂਕਿ ਅਸੀਂ ਜਦੋਂ ਕਿਸੇ ਨਾਲ ਕੁਝ ਕਰਦੇ ਹਾਂ ਅਸੀਂ ਰੇਕੀਆਂ ਕਰਦੇ ਹਾਂ ਕਿ ਇਹ ਬੰਦਾ ਕਿਹੋ ਜਿਹਾ ਹੈ, ਇਹਦਾ ਕਰੀਏ ਜਾਂ ਨਾ ਕਰੀਏ, ਨਾਮਧਾਰੀ ਏ ਨਹੀਂ ਨਾਮਧਾਰੀ, ਸੱਚੇ ਪਤਿਸ਼ਾਹ ਕਿਸੇ ਨਾਲ ਗਿਣਤੀਆਂ ਨਹੀਂ ਕੀਤੀਆਂ। ਮੇਰੇ ਸਤਿਗੁਰੂ ਨੇ ਕਿਸੇ ਨਾਲ ਹਿਸਾਬ ਨਹੀਂ ਕੀਤਾ। ਉਹ ਇਸ ਕਰਕੇ ਨਹੀ ਕੀਤਾ ਕਿ ਉਹਨਾਂ ਨੇ ਬੇਗਾਨਾ ਕਿਸੇ ਨੂੰ ਸਮਝਿਆ ਈ ਨਹੀਂ। ਸੱਚੇ ਪਾਤਿਸ਼ਾਹ ਕੋਲ ਜਿਹੜਾ ਮਦਦ ਲੈਣ ਆਇਆ ਉਹ ਕਿਸੇ ਤਰਾਂ ਵੀ ਆਇਆ ਵਿਰੋਧੀ ਵੀ ਆਇਆ, ਕਿਉਂਕਿ ਉਸ ਸਤਿਗੁਰੂ ਦਾ ਕੋਈ ਦੁਸ਼ਮਣ ਹੈ ਹੀ ਨਹੀਂ ਸੀ, ਜਦੋਂ ਉਹ ਅਵਸਥਾ ਹੁੰਦੀ ਏ ਤੁਹਾਡਾ ਕੋਈ ਦੁਸ਼ਮਣ ਹੁੰਦਾ ਹੀ ਨਹੀਂ। ਉਸ ਸਿੱਖਿਆ ਤੋਂ ਆਪਾਂ ਕੀ ਸਿੱਖਿਆ ਲੈਣੀ ਏ, ਆਪਾਂ ਬੜੇ ਈ ਛੋਟੇ ਲੈਵਲ ਤੋਂ ਸ਼ੁਰੂ ਕਰਦੇ ਹਾਂ, ਜਗ੍ਹਾ ਜਗ੍ਹਾ ਆਪਣੇ ਸੈਂਟਰਾਂ ਵਿੱਚ ਵੀ ਆਪੋ ਚ ਲੜਾਈਆਂ ਹੁੰਦੀਆਂ ਨੇ, ਛੋਟੀ ਗੱਲ ਤੋਂ ਲੜਾਈ ਹੁੰਦੀ ਹੈ ਕਿ ਮੇਰਾ ਨਾਂ ਨਹੀ ਲਿਆ, ਮੈਨੂੰ ਸਰੋਪਾ ਨਹੀਂ ਦਿੱਤਾ ,ਮੈਨੂੰ ਅੱਗੇ ਨਹੀਂ ਲਾਇਆ,ਇਹ ਪ੍ਰੋਗਰਾਮ ਕਰਨ ਚ ਮੈਨੂੰ ਪੁੱਛਿਆ ਨਹੀ। ਆਪਾਂ ਆਪਣੀਆਂ ਇਹ ਲੜਾਈਆਂ ਖਤਮ ਕਰੀਏ।

# ਗੁਰਦਾਸਪੁਰ ਵਿਖੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

ਪਿੰਡ ਪੱਡੇ, ਜ਼ਿਲਾ ਗੁਰਦਾਪੁਰ ਵਿਖੇ 12 ਜੂਨ 2016 ਦਿਨ ਐਤਵਾਰ ਨੂੰ ਸੰਤ ਸ੍ਰੀ ਹਰਿ ਜੀ ਦੇ ਡੇਰੇ ਵਿਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਨ੍ਹਾਂ ਜਥੇਦਾਰਾਂ ਨੇ ਦਿਵਾਨ ਲਗਾਏ - ਜਥੇਦਾਰ ਕੁਲਦੀਪ ਸਿੰਘ ਪਿੰਡ ਮੁੰਨਣ ਕਲਾਂ (ਸੂਬਾ ਭਗਤ ਸਿੰਘ ਦਾਤੇਵਾਲ ਦੇ ਪੋਤਰੇ), ਜਥੇਦਾਰ ਬਲਵਿੰਦਰ ਸਿੰਘ ਪਿੰਡ ਚੰਕ ਯਾਕੂਬ, ਜਥੇਦਾਰ ਵੀਰ ਸਿੰਘ (ਸੰਤ ਲਹਿਣਾ ਸਿੰਘ ਦੇ ਪੋਤਰੇ), ਜਥੇਦਾਰ ਸੂਬਾ ਅਜੀਤ ਸਿੰਘ ਬਟਾਲਾ।

ਸਾਰੇ ਜਥੇਦਾਰਾਂ ਨੇ ਦੇਸ਼ ਤੇ ਕੌਮ ਲਈ ਸ਼ਹੀਦ ਹੋਏ ਸਾਰੇ ਸ਼ਹੀਦਾਂ ਨੂੰ ਸ਼ਰਧਾ ਪੂਰਵਕ ਸ਼ਬਦ ਕੀਰਤਨ ਦੇ ਰੂਪ ਵਿਚ ਸ਼ਰਧਾਂਜਲੀ ਭੇਟ ਕੀਤੀ। ਜਥੇਦਾਰ ਕੁਲਦੀਪ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਇਆ। ਜਥੇਦਾਰ ਵੀਰ ਸਿੰਘ ਨੇ ਸ਼ਹੀਦਾਂ ਦੀ ਪ੍ਰਥਾਏ ਦਿਵਾਨ ਲਾਇਆ। ਇਹਨਾਂ ਨੇ ਧਾਰਨਾ ਪੜ੍ਹੀ - ***ਜਪਿਓ ਜਿਨੁ ਅਰਜਨੁ ਦੇਵ ਗੁਰੂ*** ਜਥੇਦਾਰ ਸੂਬਾ ਅਜੀਤ ਸਿੰਘ ਬਟਾਲਾ ਨੇ ਦਿਵਾਨ ਲਾਇਆ, ਧਾਰਨਾ ਪੜ੍ਹੀ- ***ਨਾਥ ਕਛੂਅ ਨ ਜਾਨਉ ਮਨੁ ਮਾਇਆ ਕੇ ਹਾਥਿ ਬਿਕਾਨਉ।।*** ਅਗੋਂ ਇਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗਊ ਦੀ ਮਹੱਤਤਾ ਬਾਰੇ ਆਦਰ ਭਾਵ ਅਤੇ ਗਊ ਦੇ ਘਿਉ ਨਾਲ ਹਵਨ ਕਰਨ ਨਾਲ ਕੌਮਾਂ ਵਿਚ ਜੋ ਸ਼ੁਧਤਾ ਅਤੇ ਬੀਰਤਾ ਆਉਂਦੀ ਹੈ ਉਸ ਬਾਰੇ ਚਾਨਣਾ ਪਾਇਆ। ਜਥੇਦਾਰ ਜੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਦੀ ਨਿਘਰ ਰਹੀ ਹਾਲਤ ਨੂੰ ਸੁਧਾਰਨ ਅਤੇ ਉਹਨਾਂ ਦਾ ਬਣਦਾ ਸਤਿਕਾਰ ਦਿਵਾਉਣ ਲਈ ਪ੍ਰਯਤਨ ਕੀਤੇ। ਦਸਵੇਂ ਪਾਤਸ਼ਾਹ ਜੀ ਤੀਕ ਇਹ ਪ੍ਰਯਤਨ ਜਾਰੀ ਰਹੇ। ਪਰ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਨੂੰ ਅੰਮ੍ਰਿਤ ਦੀ ਦਾਤ ਪਹਿਲੀ ਵਾਰ ਬਖਸ਼ ਕੇ ਪੁਰਸ਼ਾਂ ਸਮਾਨ ਅਧਿਕਾਰ ਦਿੱਤੇ ਅਤੇ ਪਹਿਲੀ ਇਸਤਰੀ ਸੂਬਾ ਬੀਬੀ ਹੁਕਮੀ ਜੀ ਨੂੰ ਥਾਪਿਆ। ਉਸ ਤੋਂ ਬਾਅਦ ਇਸ ਰੀਤ ਨੂੰ ਅਗੇ ਤੋਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੀਬੀ ਸੁਰਿੰਦਰ ਕੌਰ ਖਰਲ ਨੂੰ ਸੂਬਾ ਥਾਪਿਆ ਜੋ ਕਿ ਬਹੁਤ ਹੀ ਵਿਦਵਾਨ ਅਤੇ ਪ੍ਰਤਿਭਾਵਾਨ ਹਨ।

ਉਪਰੰਤ ਜਲੰਧਰ ਤੋਂ ਆਏ ਸੰਗੀਤਕਾਰ ਸ੍ਰੀ ਸੰਤੋਖ ਸਿੰਘ ਤੇ ਸਾਥੀਆਂ ਨੇ ਤੰਤੀ ਸਾਜਾਂ ਨਾਲ ਬਹੁਤ ਹੀ ਮਨੋਹਰ ਕੀਰਤਨ ਕੀਤਾ। ਇਹਨਾਂ ਨੇ ਸ਼ਬਦ ਗਾਇਨ ਕੀਤਾ-

***ਤੇਰਾ ਕੀਆ ਮੀਠਾ ਲਾਗੈ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।।***

ਇਸ ਤੋਂ ਮਗਰੋਂ ਚੁਗਾਵੇਂ ਤੋਂ ਆਈਆਂ ਬੀਬੀਆਂ ਨੇ ਅਤੇ ਫਿਰ ਜਲੰਧਰ ਤੋਂ ਆਈਆ ਬੀਬੀਆਂ ਬੀਬੀ ਸਤਨਾਮ ਕੌਰ ਅਤੇ ਇਹਨਾਂ ਦੇ ਜਥੇ ਨੇ ਸ਼ਬਦ ਗਾਇਨ ਕੀਤਾ। ਸਮਾਗਮ ਦੇ ਅੰਤ ਵਿਚ ਸੰਤ ਹਰਿ ਜੀ ਨੇ ਆਪਣੀ ਸੁਰੀਲੀ ਲੈ ਬੱਧ ਤੇ ਉਚੀ ਆਵਾਜ਼ ਅਤੇ ਮਸਤਾਨੀ ਬਿਰਤੀ ਵਿਚ ਅਜਿਹੇ ਰਸ ਭਿੰਨੇ ਸ਼ਬਦ ਗਾਇਨ ਕੀਤੇ ਕਿ ਸੰਗਤ ਮਸਤਾਨੀ ਹੋ ਗਈ। ਇਨ੍ਹਾਂ ਨੇ ਸ਼ਬਦ ਪੜ੍ਹੇ -

- *ਸੋਹਣਿਆ ਦੇ ਸੋਹਣੇ ਸ੍ਰੀ ਸਤਿਗੁਰੂ ਰਾਮ ਸਿੰਘ।*
  *ਤੜਫਦੀਆਂ ਰੂਹਾਂ ਨੂੰ ਦੀਦਾਰ ਦੇ ਜਾ ਆਣ ਕੇ।*
- *ਮੇਰੇ ਅੰਗ ਸੰਗ ਸਤਿਗੁਰੂ ਰਾਮ ਸਿੰਘ,*
  *ਡਰ ਕਿਸਦਾ ਖਾਵਾਂ ਮੇਰਾ ਰਾਖਾ ਭੈਣੀ ਵਾਲੜਾ।*
  *ਵੇ ਮੈਂ ਸਦਕੇ ਜਾਵਾਂ ਪਿਤਾ ਜਗਜੀਤ ਮੇਰੇ ਪਿਤਾ ਜਗਜੀਤ ਜੀ।*
  *ਤੇਰੇ ਨਾਲ ਸੋਹਣਿਆਂ ਮਾਲਕਾ ਨਿਭ ਜੇ ਪ੍ਰੀਤ ਜੀ।*

ਇਸ ਸਮਾਗਮ ਵਿਚ ਦੋ ਸਧਾਰਨ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਮਿਤ ਅਤੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਪਾਏ ਗਏ।

ਅੰਮ੍ਰਿਤਸਰ, ਜਲੰਧਰ, ਬਟਾਲਾ, ਰੋਪੜ, ਗੁਰਦਾਸਪੁਰ, ਚੁਗਾਵਾਂ ਅਤੇ ਨੇੜਲੇ ਪਿੰਡਾਂ ਤੋਂ ਸਾਧ ਸੰਗਤ ਬਸਾਂ ਭਰ ਕੇ ਆਈ। ਸ਼ਰਦਾਈ ਅਤੇ ਲੰਗਰ ਸਾਰਾ ਦਿਨ ਅਤੁੱਟ ਵਰਤਿਆ।

**-ਸੁਰਿੰਦਰ ਕੌਰ ਖਰਲ**

# ਪਰਤੀਤ ਟੀਮ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ਾਂ ਦੀ ਪਾਤਰ



**ਪਰਤੀਤ ਟੀਮ ਵਿਚ ਹਿੱਸਾ ਲੈਣ ਵਾਲੇ ਬੱਚੇ ਇਕ ਗਰੁੱਪ ਫੋਟੋ ਵਿਚ।**

**ਦਿੱਲੀ, 12 ਜੂਨ 2016**-ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਬਖਸ਼ਿਸ਼ ਨਾਲ ਪਰਤੀਤ ਦੀ ਦੂਸਰੀ ਵਰਕਸ਼ਾਪ ਅਰਦਾਸ ਅਤੇ ਨਾਮ ਸਿਮਰਨ ਨਾਲ ਆਰੰਭ ਹੋ ਕੇ ਸਫਲ ਹੋਈ। ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ 15 ਸਾਲ ਤੱਕ ਤੇ ਬੱਚਿਆਂ ਨੇ ਇਸ ਵਿਚ ਭਾਗ ਲਿਆ। ਇਸ ਵਿਚ 'Fun Games' ਅਤੇ Interative Acitivies ਰਾਹੀਂ ਬੱਚਿਆਂ ਨੂੰ ਆਪਣੇ ਪੰਥ ਬਾਰੇ ਕੁਝ ਦੱਸਿਆ ਗਿਆ।

ਇਸੇ ਵਰਕਸ਼ਾਪ ਵਿਚ ਟਰਾਫੀਆਂ ਅਤੇ ਇਨਾਮਾਂ ਨਾਲ ਬੱਚਿਆਂ ਨੇ ਆਕਰਸ਼ਕ ਬਣਾਈ ਹੋਈ ਬਹੁਤ Activities ਸਨ। ਜਿੰਨਾਂ ਵਿਚ ਇਕ ਸੀ 'Quiz'। ਇਸ Quiz ਦੇ ਰਾਹੀਂ ਬੱਚਿਆਂ ਨੂੰ ਨਾਮਧਾਰੀ ਇਤਿਹਾਸ ਅਤੇ ਮਰਯਾਦਾ ਬਾਰੇ ਜਾਣਕਾਰੀ ਦਿੱਤੀ ਗਈ। ਜਿਸ ਵਿਚ ਬੱਚਿਆਂ ਨੇ ਬਹੁਤ ਦਿਲਚਸਪੀ ਦਿਖਾਈ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਸੰਦ Environment ਵਾਸਤੇ ਇਕ 'Planting Activities' ਹੋਈ ਜਿਸ ਦੇ ਵਿਚ ਬੱਚਿਆਂ ਨੇ ਪੌਦੇ ਲਗਾਣੇ ਸਿਖੇ ਅਤੇ ਨਾਲ ਹੀ ਉਨ੍ਹਾਂ ਦੀ ਮਹਤਤਾ ਵੀ ਸਮਝੀ ਜੋ ਕਿ ਇਸ ਪ੍ਰੋਗਰਾਮ ਦੀ Main Highlight ਸੀ। ਇਕ "On-the-Spot Vocal Expression Contest" ਜਿਸ ਵਿਚ ਬੱਚਿਆਂ ਨੂੰ 60 ਸੈਕੰਡ ਦੇ ਵਿਚ ਸ੍ਰੀ ਮਾਤਾ ਚੰਦ ਕੌਰ ਜੀ ਬਾਰੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨੀਆਂ ਸਨ। ਇਸ Activity ਦੁਆਰਾ ਸਾਰਿਆਂ ਨੂੰ ਇਕ ਇਕ ਮੌਕਾ ਮਿਲਿਆ। ਸ੍ਰੀ ਮਾਤਾ ਜੀ ਵਾਸਤੇ ਇਕ ਪਿਆਰ ਭਰੀ ਭੇਂਟ ਕਰਨ ਦਾ।

ਇੰਨਾ ਦਿਲਚਸਪ Activities ਦੇ ਇਲਾਵਾ "National School of Drama" ਦੇ ਬਹੁਤ ਪ੍ਰਸਿੱਧ ਅਧਿਆਪਕ ਸ੍ਰੀ ਰਾਜੇਸ਼ ਬਾਲੀ ਜਿਨਾਂ ਨੇ ਆਪਣੇ ਕੈਰੀਅਰ ਵਿਚ ਆਪ ਕੰਮ ਕੀਤਾ ਹੋਇਆ ਹੈ। ਉਹਨਾਂ ਨੇ ਆਕੇ ਬੱਚਿਆਂ ਦੇ ਨਾਲ ਨਾਲ ਉਥੇ ਵੱਡਿਆਂ ਨੂੰ ਵੀ "Skill Development Session" ਦਿੱਤਾ ਜੋ ਕਿ ਇਕ ਬਹੁਤ ਵਡਾ ਅਵਸਰ ਸੀ। ਇਸ ਵਰਕਸ਼ਾਪ ਦੇ ਦੌਰਾਨ ਪਰਤੀਤ ਟੀਮ ਦੀ ਇਹ ਕੋਸ਼ਿਸ਼ ਰਹੀ ਕਿ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਸੀਂ ਆਪਣੀ ਪੀੜੀ ਨੂੰ ਉਹਨਾਂ ਦੇ ਹੀ ਫਨ ਤਰੀਕਿਆਂ ਨਾਲ ਆਪਣੇ ਪੰਥ ਬਾਰੇ ਵੀ ਦੱਸ ਸਕੀਏ।

**-ਆਤਮਾ ਕੌਰ ਭੁਰਜੀ**

# श्री हरकिशन धियाइये, जिस डिठे सब दुख जाए




**जीवन चर्या—**

गुरू हर किशन साहिब जी का जन्म सावन वदी १० (८वां सावन) बिक्रम सम्वत १७१३ (७ जुलाई १६५६) को कीरतपुर साहिब में हुआ। वे गुरू हर राय साहिब जी एवं माता किशन कौर के दूसरे पुत्र थे। राम राय जी गुरू हरकिशन साहिब जी के बड़े भाई थे। रामराय जी को उनके गुरू घर विरोधी क्रियाकलापों एवं मुगल सलतनत के पक्ष में खड़े होने की वजह से सिख पंथ से निष्कासित कर दिया गया था।

**गुरुपद प्राप्ति—**

८ वर्ष की अल्प आयु में गुरू हर किशन साहिब जी को गुरुपद प्रदान किया गया। गुरु हर राय जी ने १६६१ में गुरु हरकिशन जी को अष्ठम गुरू के रूप में स्थापित किया। इस प्रकार से नाराज होकर राम राय जी ने औरंगजेब से इस बात की शिकायत की। इस बावत शाहजांह ने राम राय का पक्ष लेते हुए राजा जय सिंह को गुरू हर किशन जी को उनके समक्ष उपस्थित करने का आदेश दिया। राजा जय सिंह ने अपना संदेशवाहक कीरतपुर भेजकर गुरू को दिल्ली लाने का आदेश दिया। पहले तो गुरू साहिब ने अनिच्छा जाहिर की। परन्तु उनके गुरसिखों एवं राजा जय सिंह के बार—बार आग्रह करने पर वो दिल्ली जाने के लिए तैयार हो गये।

इसके बाद पंजाब के सभी सामाजिक समूहों ने आकर गुरू साहिब को विदायी दी। उन्होंने गुरू साहिब को अम्बाला के निकट पंजोखरा गांव तक छोड़ा। इस स्थान पर गुरू साहिब ने लोगों को अपने अपने घर वापिस जाने का आदेश दिया। गुरू साहिब अपने परिवारजनों व कुछ सिखों के साथ दिल्ली के लिए रवाना हुये। परन्तु इस स्थान को छोड़ने से पहले गुरू साहिब ने उस महान ईश्वर प्रदत्त शक्ति का परिचय दिया। लाल चन्द एक हिन्दू साहित्य का प्रखर विद्वान एव आध्यात्मिक पुरुष था जो इस बात से विचलित था कि एक बालक को गुरुपद कैसे दिया जा सकता है। उनके सामर्थ्य पर शंका करते हुए लालचंद ने गुरू साहिब को गीता के श्लोकों का अर्थ करने की चुनौती दी। गुरू साहिब जी ने चुनौती स्वीकार की। लालचंद अपने साथ एक गूँगे बहरे निशक्त व अनपढ़ व्यक्ति छज्जु झीवर (पानी लाने का काम करने वाला) को लाया। गुरु जी ने छज्जु को सरोवर में स्नान करवाकर बैठाया और उसके सिर पर अपनी छड़ी इंगित कर के उसके मुख से संपूर्ण गीता सार सुनाकर लाल चन्द को हतप्रभ कर दिया। इस स्थान पर आज के समय में एक भव्य गुरुद्वारा सुशोभित है जिसके बारे में लोकमान्यता है कि यहाँ स्नान करके शारीरिक व मानसिक व्याधियों से छुटकारा मिलता है। इसके पश्चात लाल चन्द ने सिख धर्म को अपनाया एवं गुरू साहिब को कुरूक्षेत्र तक छोड़ा। जब गुरू साहिब दिल्ली पहुंचे तो राजा जय सिंह एवं दिल्ली में रहने वाले सिखों ने उनका बड़े ही गर्मजोशी से स्वागत किया। गुरू साहिब को राजा जय सिंह के महल में ठहराया गया। सभी धर्म के लोगों का महल में गुरू साहिब के दर्शन के लिए तांता लग गया।

**जीवन के प्रसंग—**

एक बार राजा जयसिंह ने बहुत सी औरतों को, जो कि एक समान सजी संवरी थी, गुरु साहिब के सामने उपस्थित किया और कहा कि वे असली रानी को पहचाने। गुरू साहिब एक महिला, जो कि नौकरानी की वेशभूषा में थी, की गोद में जाकर बैठ गये। यह महिला ही असली रानी थी। इसके अलावा भी सिख इतिहास में उनकी बौद्धिक क्षमता को लेकर बहुत सी साखियाँ प्रचलित है।

बहुत ही कम समय में गुरू हर किशन साहिब जी ने सामान्य जनता के साथ अपने मित्रतापूर्ण व्यवहार से राजधानी में लोगों से लोकप्रियता हासिल की। इसी दौरान दिल्ली में हैजा और छोटी माता जैसी बीमारियों का प्रकोप महामारी लेकर आया। मुगल राज जनता के प्रति असंवेदनशील थी। जात पात एवं ऊंच नीच को दरकिनार करते हुए गुरू साहिब ने सभी भारतीय जनों की सेवा का अभियान चलाया। खासकर दिल्ली में रहने वाले मुस्लिम उनकी इस मानवता की सेवा से बहुत प्रभावित हुए एवं वो उन्हें बाला पीर कहकर पुकारने लगे। जनभावना एवं परिस्थितियों को देखते हुए औरंगजेब भी उन्हें नहीं छेड़ सका। परन्तु साथ ही साथ औरंगजेब ने राम राय को शह भी देकर रखी, ताकि सामाजिक मतभेद उजागर हों।

दिन रात महामारी से ग्रस्त लोगों की सेवा करते करते गुरू साहिब अपने आप भी तेज ज्वर से पीड़ित हो गये। छोटी माता के अचानक प्रकोप ने उन्हें कई दिनों तक बिस्तर से बांध दिया। जब उनकी हालत कुछ ज्यादा ही गंभीर हो गयी तो उन्होने अपनी माता को अपने पास बुलाया और कहा कि उनका अन्त अब निकट है। जब उन्हें अपने उत्तराधिकारी को नाम लेने के लिए कहा, तो उन्हें केवल बाबा बकाला का नाम लिया। यह शब्द केवल भविष्य गुरू, गुरू तेगबहादुर साहिब, जो कि पंजाब में ब्यास नदी के किनारे स्थित बकाला गांव में रह रहे थे, के लिए प्रयोग हुआ था।

अपने अन्त समय में गुरू साहिब ने सभी लोगों को निर्देश दिया कि कोई भी उनकी मृत्यू पर रोयेगा नहीं। बल्कि गुरूबाणी में लिखे शबदों को गायेंगे। इस प्रकार बाला पीर चौत सूदी १४ (तीसरा वैसाख) बिक्रम सम्वत १७२१ (३० मार्च १६६४) को धीरे से वाहेगुरू शबद् का उच्चारण करते हुए ज्योतिजोत समा गये। गुरू गोविन्द साहिब जी ने अपनी श्रद्धाजंलि देते हुए अरदास में दर्ज किया कि

*श्री हरकिशन धियाइये, जिस डिठे सब दुख जाए।*

दिल्ली में जिस आवास में वो रहे, वहां एक ऐतिहासिक गुरुद्वारा श्री बंगला साहिब है। ■

# 300th MARTYRDOM DAY OF BABA BANDA SINGH BAHADUR OBSERVED BY NAMDHARI SANGAT



**Sant Nishan Singh, Sri Bhaini Sahib doing Katha on the life of Baba Banda Singh Bahadur.**



**Shri H.S.Hanspal, President Namdhari Darbar felicitating Shri Surjit Singh Joban and Shri Ravneet Singh. Shri Satpal Singh (Member DSGMC), Prof.Manjit Singh (Former Head, Dept. of Punjabi, Delhi University) and Shri Ved Prakash Makkar (Head Bandai Sect) addressing the congregation at Namdhari Gurdwara Ramesh Nagar.**

New Delhi, 9 June, 2016- Namdhari Sangat, Delhi commemorated 300th martyrdom day of the Great Sikh General and Martyr, Baba Banda Singh Bahadur at Namdhari Gurdwara Ramesh Nagar, New Delhi with great devotion. It is important to mention here that on 9 June, 1716, Baba Banda Singh Bahadur along with his minor son Ajai Singh were tortured to death when they stoutly refused to embrace Islam. Four years old Ajai Singh was first hacked to death by the Mughal rulers and his heart and liver were forcibly put into the mouth of Baba Banda Singh Bahadur. A Gurdwara is situated at Mehrauli (Near Qutub Minar) in Delhi in the memory of Baba Banda Singh Bahadur where Sikhs pay their respects all through the year.

The day began with the recitation of Aasa di Vaar sung by Hazoori Ragis of Sri Bhaini Sahib. Sant Nishan Singh from Sri Bhaini Sahib presented a detailed account of the life of Baba Banda Singh Bahadur. He told during his address that history written about Baba Banda Singh Bahadur was mostly distorted with the sole purpose to belittle the valiance of Baba Banda Singh Bahadur. Historians must re-evaluate and rewrite history of Baba Banda Singh Bahadur.

Speaking on this occasion, Prof. Manjit Singh, former Head, Department of Punjabi, Delhi University, delivered a thought provoking lecture on the life and valour of Baba Banda Singh Bahadur. Appreciating the significance and importance of the model given by Satguru Ram Singh Ji to Namdhari Sikhs he said while the British rulers adopted and applied inhuman means of torture to suppress the freedom struggle spearheaded by Namdhari Sikhs, the Namdhari Sikhs took forward the spirit of Sikhism preached by Sri Satguru Nanak Dev Ji, and supreme and exemplary sacrifices made by Sri Satguru Gobind Singh Ji and Baba Banda Singh Bahadur.

Shri Satpal Singh (Vice President, Delhi Sikh Gurdwara Management Committee) applauded the function organised by Namdhari Sangat and informed that Delhi Sikh Gurdwara Management Committee is going to commemorate 300th martyrdom day of Baba Banda Singh Bahadur on a large scale.

Shri Subhash Sachdeva, Ex. MLA, along with Shri Ved Parkash Makkar (Head, Bandai Sect) also participated in the program and expressed gratitude to Namdhari Sangat for observing martyrdom day of Baba Banda Singh Bahadur. Shri Surjit Singh Joban, journalist, was also present on this occasion.

Addressing the congregation, Shri H.S.Hanspal, President, Namdhari Darbar quoted the verses of Rattan Singh Bhangu and told that Baba Banda Singh Bahadur had never worn blue attire and he always forbade the fellow Sikhs to eat meat. Hanspal Ji lauded the efforts of organizers and thanked all the dignitaries and Namdhari Sangat.

**- Satwant Kaur**



**Shri H.S.Hanspal and Sant Sadha Singh (President, Namdhari Sangat Delhi) giving Siropa to Shri Saravshaktiman Singh, Editor, Varatman Hindustan.**

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਵਿਸ਼ਵ ਸ਼ਾਂਤੀ ਵਾਸਤੇ 200 ਹਵਨ ਸੰਪੰਨ



ਵਿਸ਼ਵ ਸ਼ਾਂਤੀ ਵਾਸਤੇ ਕੀਤੇ ਜਾ ਰਹੇ 200 ਹਵਨਾਂ ਵਿਚ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦਰਸ਼ਨ ਦਿੰਦੇ ਹੋਏ।

**ਸ੍ਰੀ ਭੈਣੀ ਸਾਹਿਬ**–ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਵਲੋਂ ਪਹਿਲੀ ਵਾਰ 200 ਹਵਨ ਕੀਤੇ ਗਏ। ਇਹ ਹਵਨ ਵਿਸ਼ਵ ਸ਼ਾਂਤੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਨ। ਇਹ 2016 ਸਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਦਿਹਾੜਾ (ਦੂਸਰੀ ਪ੍ਰਕਾਸ਼ ਸ਼ਤਾਬਦੀ) ਨਾਮਧਾਰੀ ਪੰਥ ਵਲੋਂ ਸ਼ਰਧਾ ਤੇ ਪਿਆਰ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਜੜ ਪਤਾਲ ਤੋਂ ਲਾਈ ਹੈ। ਇਸ ਮਹਾਨ ਪੰਥ ਨੂੰ ਤੱਤੀ ਵਾਹ ਨਹੀਂ ਲੱਗ ਸਕਦੀ। ਬੇਸ਼ਕ ਪਿਛਲੇ ਇਤਿਹਾਸ ਤੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਨਾਮਧਾਰੀ ਸਿੱਖਾਂ ਤੇ ਕਿੰਨੀਆਂ ਸਖਤੀਆਂ ਤੇ ਪਾਬੰਦੀਆਂ ਸਨ। ਇੰਨੀਆਂ ਕਠਿਨਾਈਆਂ ਦੇ ਬਾਵਜੂਦ ਨਾਮਧਾਰੀ ਪੰਥ ਸਦਾ ਹੀ ਚੜ੍ਹਦੀ ਕਲਾ ਵਿਚ ਰਿਹਾ ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਦੀ ਜੜ੍ਹ ਬਹੁਤ ਮਜ਼ਬੂਤ ਰਖੀ ਹੋਈ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਵਾਸਤੇ ਬਹੁਤ ਮਹਾਨ ਕਾਰਜ ਕੀਤੇ। ਅਸਹਿਯੋਗ ਅੰਦੋਲਨ ਚਲਾ ਕੇ ਇਕ ਮਹਾਨ ਮਿਸਾਲ ਕਾਇਮ ਕਰ ਦਿੱਤੀ। ਇਸ ਅੰਦੋਲਨ ਨੇ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਉਸ ਮਹਾਨ ਸਤਿਗੁਰੂ ਰਾਮ ਸਿੰਘ ਜੀ ਦੇ ਇਸ 200 ਸਾਲਾ ਤੇ ਇਕ ਛੋਟਾ ਜਿਹਾ ਉਪਰਾਲਾ ਸ੍ਰੀ ਭੈਣੀ ਸਾਹਿਬ ਦੇ ਬੱਚਿਆਂ ਵਲੋਂ ਕੀਤਾ ਗਿਆ।

**ਹਵਨ ਮੰਡਪ ਦੀ ਤਿਆਰੀ**–ਰਾਮ ਸਰੋਵਰ ਕੋਲ ਬਣੇ ਹਵਨ ਮੰਡਪ ਦੀ ਸਫਾਈ ਕੀਤੀ ਗਈ। ਇਸ ਨੂੰ ਸੋਧ ਦੇ ਜਲ ਨਾਲ ਪਵਿੱਤਰ ਕੀਤਾ ਗਿਆ। ਬੇਦੀ ਦੀਆਂ ਲੱਕੜਾਂ, ਸਮਗਰੀ, ਘਿਉ ਆਦਿ ਅੰਦਰ ਰਖਿਆ ਗਿਆ। ਹਵਨ ਮੰਡਪ ਦੇ ਚਾਰੇ ਪਾਸੇ ਸਫਾਂ ਲਟਕਾਈਆਂ ਗਈਆਂ ਤਾਂ ਕਿ ਕੋਈ ਜਾਨਵਰ (ਪਸ਼ੂ-ਪੰਛੀ) ਜਾਂ ਹਵਾ ਜਾਂ ਬਾਰਸ਼ ਅੰਦਰ ਨਾ ਆ ਸਕੇ। ਮੰਡਪ ਦੇ ਚਾਰੇ ਪਾਸੇ ਬਣੀ ਖਾਈ ਵਿਚ ਪਾਣੀ ਭਰਿਆ ਗਿਆ। ਮੇਨ ਗੇਟ ਨੂੰ ਫੁੱਲਾਂ ਨਾਲ ਸ਼ਿੰਗਾਰਿਆ ਗਿਆ।

**ਸ੍ਰੀ ਸਤਿਗੁਰੂ ਜੀ ਦੇ ਦਰਸ਼ਨ**– ਹਵਨ ਮੰਡਪ ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਠੀਕ 3 ਵਜੇ ਹਵਨ ਆਰੰਭ ਕਰਨ ਦੀ ਅਰਦਾਸ ਕੀਤੀ ਗਈ।

**ਹਵਨ ਦੀਆਂ ਟੀਮਾਂ**– ਹਵਨ ਕਰਨ ਲਈ 27 ਟੀਮਾਂ ਤਿਆਰ ਕੀਤੀਆਂ ਗਈਆਂ। ਕੁਲ 27 x 7 = 189 ਸਰੀਰ ਇਸ ਹਵਨ ਵਿਚ ਬੈਠੇ ਸਨ। ਬਾਕੀ ਦੇ 35 ਨੌਂਵਜਾਨ ਜਲ ਦਾ ਛਿੱਟਾ, ਘਿਉ ਪਾਉਣ ਲਈ ਤੇ ਹਵਨ ਤੇ ਬੈਠੇ। ਕਿਸੇ ਵੀ ਸਰੀਰ ਨੇ ਜੇਕਰ ਜਲ ਵਰਤਣਾ ਹੈ ਨੂੰ ਬਦਲਣ ਲਈ ਤਤਪਰ ਸਨ ਇਸ ਤਰ੍ਹਾਂ ਕੁੱਲ 189 + 36 = 225 ਨੌਜਵਾਨ ਨੇ ਇਸ ਮਹਾਨ ਕਾਰਜ ਵਾਸਤੇ ਆਪਣਾ ਯੋਗਦਾਨ ਪਾਇਆ। ਸ੍ਰੀ ਸਤਿਗੁਰੂ ਜੀ ਨੇ ਠੀਕ 5 ਵਜੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਦਾਸ ਕੋਲੋਂ ਪੁਛਿਆ ਕਿ ਕਿੰਨੇ ਹਵਨ ਹੋ ਗਏ ਹਨ ਤੇ ਕਿੰਨੀਆਂ ਟੀਮਾਂ ਬੈਠੀਆਂ ਹਨ ਕਿੰਨੇ ਵਜੇ ਸਮਾਪਤੀ ਹੋਣੀ ਹੈ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਗਈ 8.30 ਵਜੇ ਸਮਾਪਤੀ ਹੋ ਜਾਵੇਗੀ। ਉਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੁਬਾਰਾ 8 ਵਜੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਠੀਕ 9.30 ਵਜੇ ਸਮਾਪਤੀ ਹੋਈ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ ਸ੍ਰੀ ਸਤਿਗੁਰੂ ਜੀ ਨੇ ਸਭ ਨੂੰ ਅਥਾਹ ਖੁਸ਼ੀਆਂ ਬਖਸ਼ੀਆਂ।

**ਤਿਆਰੀ ਕਰਵਾਉਣ ਵਿਚ ਵਿਸ਼ੇਸ਼ ਯੋਗਦਾਨ**– ਸਰਵ ਸੰਤ ਸ਼ਾਮ ਸਿੰਘ, ਗੁਰਮੁਖ ਸਿੰਘ ਰਾਗੀ, ਗੁਰਪ੍ਰੀਤ ਸਿੰਘ ਪ੍ਰਧਾਨ, ਗੁਰਭਗਤ ਸਿੰਘ, ਅਮਨ ਰੰਧਾਵਾ, ਗੁਰਜੋਬਨ ਸਿੰਘ, ਗੁਰਸੇਵਕ ਸਿੰਘ, ਦਰਸ਼ਨ ਸਿੰਘ, ਸਜਣ ਸਿੰਘ, ਕੁਲਦੀਪ ਸਿੰਘ, ਹਰਭਜਨ ਸਿੰਘ ਤੇ ਗੁਰਦੇਵ ਸਿੰਘ ਚੀਮਾਂ, ਧਰਮ ਸ਼ਿੰਘ ਆਦਿ।

**ਸਮਗਰੀ**– ਇਸ ਹਵਨ ਵਿਚ ਕੁਲ ਡੇਢ ਕੁਇੰਟਲ ਬੇਰੀ ਦੀ ਲਕੜੀ, 5 ਪੀਪੇ ਦੇਸੀ ਘਿਓ ਤੇ 10 ਕਿਲੋ ਸਮੱਗਰੀ ਦੀ ਵਰਤੋਂ ਕੀਤੀ ਗਈ।

ਹਵਨ ਦੇ ਉਪਰੰਤ ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਵਰਤਾਏ ਗਏ। ਇਸ ਸਮੇਂ ਸੰਗਤਾਂ ਦਾ ਭਰਪੂਰ ਇਕਠ ਸੀ। ਹਵਨ ਮੰਡਪ ਦੇ ਬਾਹਰ ਸੰਗਤਾਂ ਦਰਸ਼ਨ ਦਿਦਾਰੇ ਕਰ ਰਹੀਆਂ ਸਨ। ਜਿਉਂ ਜਿਉਂ ਸੂਰਜ ਦਾ ਚੜ੍ਹਾ ਹੋ ਰਿਹਾ ਸੀ ਹਵਨ ਮੰਡਪ ਦੀ ਅੱਗ ਵੀ ਤੇਜ ਪ੍ਰਚੰਡ ਹੋ ਰਹੀ ਸੀ। ਲੱਕੜਾਂ ਦੇ ਉਪਰ ਦੇਸੀ ਘਿਓ ਸਮਗਰੀ ਤੇ ਜਲ ਦੇ ਛਿਟੇ ਦਾ ਸੁਮੇਲ ਨਾਲ ਜੋ ਸੁਗੰਧੀ ਉਤਪੰਨ ਹੋ ਰਹੀ ਸੀ ਉਹ ਵਾਤਾਵਰਣ ਵਾਸਤੇ ਬਹੁਤ ਉਪਯੋਗੀ ਸੀ। ਸਾਧ ਸੰਗਤ ਵਲੋਂ ਹਵਨ ਵਾਸਤੇ ਘਿਓ ਵੀ ਭੇਜਿਆ ਗਿਆ ਸੀ। ਯਾਦ ਰਹੇ ਕਿ ਇਹ ਹਵਨ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਵਲੋ ਹੀ ਕੀਤੇ ਗਏ। ਸ੍ਰੀ ਸਤਿਗੁਰੂ ਜੀ ਨੇ ਸਾਰੇ ਨੌਜਵਾਨਾਂ ਨੂੰ ਅਥਾਹ ਖੁਸ਼ੀਆਂ ਬਖਸ਼ੀਆਂ। ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਇਸ ਜਥੇ ਨੇ 9.30 ਵਜੇ ਤਕ 200 ਹਵਨ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਅਗੇ ਤੋਂ ਵੀ ਹੋਰ ਸੇਵਾ ਕਰਨ ਦਾ ਬਲ ਬਖਸ਼ਣ। –**ਗੁਰਦੇਵ ਸਿੰਘ ਚੀਮਾਂ**



200 ਹਵਨਾਂ ਵਿਚ ਸਮਗਰੀ ਅਤੇ ਘਿਓ ਦੀ ਸੇਵਾ ਕਰਦੇ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨ।



200 ਹਵਨਾਂ ਵਿਚ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨ ਆਪਣਾ ਹਿੱਸਾ ਪਾਉਂਦੇ ਹੋਏ।

# ਦਿੱਲੀ ਦੀ ਸਾਧ ਸੰਗਤ ਨੂੰ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਹਾ

**ਨਵੀਂ ਦਿੱਲੀ, 10 ਜੂਨ**–ਅੱਜ ਇਥੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸਾਧ ਸੰਗਤ ਨੇ ਆਪਣੇ ਵਡੇ ਭਾਗ ਸਮਝੇ। ਕਲ ਹੀ ਜਦੋਂ ਕੰਨੋ-ਕਨ ਖਬਰ ਮਿਲੀ ਕਿ ਕਲ੍ਹ ਸੱਚੇ ਪਾਤਸ਼ਾਹ ਜੀ ਦਰਸ਼ਨ ਦੇਣਗੇ ਤਾਂ ਸੰਗਤ ਨੇ ਹੋਰ ਅਗਾਂਹ ਸਤਿਗੁਰੂ ਜੀ ਦੇ ਸ਼ਰਧਾਲੂਆਂ ਤਕ ਖਬਰ ਪਹੁੰਚਾ ਕੇ ਖੁਸ਼ੀ ਮਹਿਸੂਸ ਕੀਤੀ।

ਆਸਾ ਦੀ ਵਾਰ ਦਾ ਰਸ ਭਿੰਨਾ ਕੀਰਤਨ ਰਾਗੀ ਮਨਜੀਤ ਸਿੰਘ ਦੇ ਜਥੇ ਨੇ ਵਾਰੇ ਦੇ ਰੂਪ ਵਿਚ ਕੀਤਾ। ਉਸ ਤੋਂ ਬਾਅਦ 3 ਪਾਠਾਂ ਦੇ ਭੋਗ ਪਾਏ ਗਏ। 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, 1 ਪਾਠ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ, 1 ਪਾਠ ਸੰਤ ਮਹਿੰਦਰ ਸਿੰਘ ਮਿਲਾਪ ਬੀਬੀ ਗੁਰਤੇਜ ਕੌਰ ਦੀ ਯਾਦ ਵਿਚ ਕੀਤੇ ਗਏ।

ਇਕ ਨੈਚਰੋਪੈਥੀ ਦੇ ਵੈਦ ਜੀ ਨੇ ਦੱਸਿਆ ਕਿ ਸਮੇਂ ਅਤੇ ਮੌਸਮ ਅਨੁਕੂਲ ਖਾਣ ਪੀਣ ਨਾਲ ਮਨੁੱਖ ਰੋਗਾਂ ਤੋਂ ਬੱਚਿਆ ਰਹਿੰਦਾ ਹੈ। ਪ੍ਰਭਾਤੇ ਉਠਣ ਵਾਲੇ ਵੀ ਰੋਗਾਂ ਦੀ ਲਪੇਟ ਵਿਚ ਨਹੀਂ ਆਉਂਦੇ। ਕੁਦਰਤ ਵਲੋਂ ਦਿੱਤੇ ਫਲ, ਸਬਜ਼ੀਆਂ ਸਰੀਰ ਨੂੰ ਅਰੋਗ ਰਖਦੀਆਂ ਹਨ ਅਤੇ ਮਿਰਚ ਮਸਾਲੇ ਵਾਲੀਆਂ ਤਲੀਆਂ ਭੁਜੀਆਂ ਨੁਕਸਾਨ ਕਰਦੀਆਂ ਹਨ, ਤੁਹਾਡੇ ਤੇ ਸਤਿਗੁਰੂ ਜੀ ਦੀ ਕਿਰਪਾ ਹੈ। ਅੰਮ੍ਰਿਤ ਵੇਲੇ ਉਠਦੇ ਹੋ, ਸ਼ੁੱਧ ਸ਼ਾਕਾਹਾਰੀ ਭੋਜਨ ਕਰਦੇ ਹੋ। ਅੱਜ ਦਾ ਮੇਲਾ ਸੰਤ ਓਂਕਾਰ ਸਿੰਘ ਪਾਲ ਜੀ ਮਿਲਾਪ ਵਾਲੇ ਵਲੋਂ ਸੀ। ਇਥੋਂ ਹੀ ਸਤਿਗੁਰੂ ਉਦੈ ਸਿੰਘ ਸੱਚੇ ਪਾਤਸ਼ਾਹ ਸੰਤ ਸਾਧਾ ਸਿੰਘ - ਸੰਤ ਟਹਿਲ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇ ਕੇ ਪ੍ਰਸ਼ਾਦਾ ਪਾਣੀ ਛੱਕ ਕੇ ਨਾਮਧਾਰੀ ਸਾਧ ਸੰਗਤ ਥਾਈਲੈਂਡ ਨੂੰ ਦਰਸ਼ਨ ਦੇਣ ਵਾਸਤੇ ਸਿਖਾਂ ਸੇਵਕਾਂ ਸਮੇਤ ਏਅਰਪੋਰਟ ਲਈ ਚਾਲੇ ਪਾਏ।

**ਸਤਿਜੁਗ ਸਪਤਾਹਿਕ ਆਪ ਪੜ੍ਹਨਾ ਅਤੇ ਹੋਰਨਾਂ ਨੂੰ ਪੜ੍ਹਾਉਣਾ ਹਰ ਨਾਮਧਾਰੀ ਸਿੱਖ ਦਾ ਫਰਜ਼ ਹੈ।**

# ਪੰਥ ਰਤਨ ਸੂਬਾ ਮੇਲਾ ਸਿੰਘ ਨਮਿਤ ਮੇਲਾ



ਸੂਬਾ ਮੇਲਾ ਸਿੰਘ ਦਾ ਜਨਮ ਰਛੀਨ (ਜ਼ਿਲ੍ਹਾ ਲੁਧਿਆਣਾ) ਮੰਡੀ ਅਹਿਮਦਗੜ੍ਹ ਤੋਂ ਪੱਛਮ ਵੱਲ ਦਸ ਕਿਲੋਮੀਟਰ ਦੀ ਦੂਰੀ ਤੇ ਪਿਤਾ ਸੰਤ ਇੰਦਰ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ ਫਰਵਰੀ ੧੯੨੮ ਵਿਚ ਹੋਇਆ। ਆਪ ਜੀ ਦੇ ਮਾਤਾ ਪਿਤਾ ਦੇ ਕੋਈ ਬਚਾ ਨਹੀਂ ਸੀ ਬਚਦਾ। ਉਹ ਬਹੁਤ ਪ੍ਰੇਸ਼ਾਨ ਸਨ। ਉਹਨਾਂ ਨੇ ਸੰਤ ਕਰਮ ਸਿੰਘ ਹਿੰਮਤਪੁਰੇ ਵਾਲੇ ਪਾਸ ਅਰਜ਼ ਕੀਤੀ ਕਿ ਸਾਡੇ ਘਰ ਕੋਈ ਬੱਚਾ ਨਹੀਂ ਬਚਦਾ, ਆਪ ਕਿਰਪਾ ਕਰੋ। ਸੰਤਾਂ ਨੇ ਬਚਨ ਕੀਤਾ ਆਪ ਦੇ ਘਰ ਹੁਣ ਅਜਿਹਾ ਬੱਚਾ ਹੋਵੇਗਾ ਜੋ ਸਾਰੀ ਉਮਰ ਮੇਲੇ ਹੀ ਲਾਵੇਗਾ। ਆਪ ਦਾ ਨਾਂ ਸੰਤਾਂ ਨੇ ਮੇਲਾ ਸਿੰਘ ਰੱਖ ਦਿੱਤਾ। ਪਰਵਾਰ ਵਿਚ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਬਸੰਤ ਦੀ ਸੁਹਾਵਣੀ ਦੀ ਸੁਹਾਵਣੀ ਰੁੱਤੇ ਸੋਹਣੇ ਜਿਹੇ ਬਾਲ ਨੇ ਜਨਮ ਲਿਆ। ਜਿਸ ਤਰ੍ਹਾਂ ਗੁਰਬਾਣੀ ਵਿਚ ਲਿਖਿਆ ਹੈ-

***ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥***
***ਕਰਮਿ ਲਿਖੰਤੇ ਪਾਈਐ ਇਹ ਰੁਤਿ ਸੁਹਾਈ॥***

ਆਪ ਇਕ ਚੰਗੇ ਰਾਗੀ, ਕਥਾਵਾਚਕ ਅਤੇ ਚੰਗੇ ਲਿਖਾਰੀ ਵੀ ਸਨ। ਜਿਸ ਕਰਕੇ ਨਾਮਧਾਰੀਪੁਣਾ ਸੂਬਾ ਜੀ ਨੂੰ ਵਿਰਸੇ ਵਿਚ ਮਿਲੀ ਦਾਤ ਸੀ। ਜਿਸ ਨੂੰ ਆਪ ਨੇ ਹੋਰ ਰੰਗ ਚਾੜ੍ਹਿਆ। ਇਹਨਾਂ ਦਾ ਬਚਪਨ ਰਛੀਨ ਵਿਚ ਹੀ ਬੀਤਿਆ। ਆਪਣੇ ਪਿਤਾ ਦੀ ਇਛਾ ਮੁਤਾਬਿਕ ਆਪ ਨੇ ਜ਼ਿਆਦਾ ਸਿਖਿਆ ਪ੍ਰਾਪਤ ਨਹੀਂ ਕੀਤੀ ਅਤੇ ਨਾ ਹੀ ਪਿਤਾ ਪੁਰਖੀ ਖੇਤੀਬਾੜੀ ਦੇ ਕੰਮ ਵਿਚ ਕੋਈ ਦਿਲਚਸਪੀ ਦਿਖਾਈ। ਇਹਨਾਂ ਨੇ ਕੀਰਤਨ ਕਰਨ ਦੀ ਮੁਢਲੀ ਸਿਖਿਆ ਆਪਣੇ ਪਿਤਾ ਤੋਂ ਹੀ ਪ੍ਰਾਪਤ ਕੀਤੀ। ਆਪ ਨੇ ਹਮ ਉਮਰ ਸਾਥੀਆਂ ਦਾ ਪਿੰਡ ਵਿਚ ਹੀ ਜਥਾ ਬਣਾ ਲਿਆ। ਜਿਨ੍ਹਾਂ ਵਿਚ ਸ. ਸ. ਮਹਿੰਦਰ ਸਿੰਘ ਸਾਬਕਾ ਸਰਪੰਚ, ਦਿਆਲ ਸਿੰਘ, ਪਾਲ ਸਿੰਘ, ਗਰੀਬ ਸਿੰਘ, ਸਾਧੂ ਸਿੰਘ ਆਦਿ ਵਰਣਯੋਗ ਹਨ। ਹਰ ਰੋਜ਼ ਸ਼ਾਮ ਨੂੰ ਕੀਰਤਨ ਕਰਨਾ ਇਹਨਾਂ ਦਾ ਨਿਤਨੇਮ ਬਣ ਗਿਆ ਜੋ ਲਗਭਗ ਤੀਹ ਸਾਲ ਚਲਦਾ ਰਿਹਾ। ਜਿਸ ਦਾ ਪਿੰਡ ਵਾਸੀਆਂ ਤੇ ਕਾਫੀ ਪ੍ਰਭਾਵ ਪਿਆ। ਕਾਫੀ ਲੋਕਾਂ ਨੇ ਮਾਸ ਸ਼ਰਾਬ ਛੱਡ ਕੇ ਭਜਨ ਪੁੱਛ ਲਿਆ।

ਜਦੋਂ ਆਪ ਜਵਾਨ ਹੋਏ ਤਾਂ ਆਪ ਦਾ ਵਿਆਹ ਪਿੰਡ ਸਿਆੜ (ਜ਼ਿਲਾ ਲੁਧਿਆਣਾ) ਦੇ ਮਾਤਾ ਖੇਮ ਕੌਰ ਦੇ ਪਰਿਵਾਰ ਵਿਚ ਸ. ਬੱਗਾ ਸਿੰਘ ਦੀ ਲੜਕੀ ਨਾਲ ਹੋ ਗਿਆ। ਆਪ ਜੀ ਦਾ ਅਨੰਦ ਕਾਰਜ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਇਹਨਾਂ ਦੀ ਘਰ ਵਾਲੀ ਬਹੁਤ ਹੀ ਨੇਕ ਅਤੇ ਸਾਊ ਸੁਭਾਅ ਵਾਲੀ ਔਰਤ ਸੀ। ਜਿਸ ਨੇ ਸਾਰੀ ਉਮਰ ਇਹਨਾਂ ਦੇ ਹੁਕਮ ਅਨੁਸਾਰ ਜੀਵਨ ਬਤੀਤ ਕੀਤਾ। ਸੂਬਾ ਜੀ ਦੇ ਚਾਰ ਲੜਕੇ ਅਤੇ ਦੋ ਲੜਕੀਆਂ ਪੈਦਾ ਹੋਈਆਂ। ਇਹਨਾਂ ਸਾਰਿਆਂ ਦਾ ਪਾਲਣ ਪੋਸ਼ਣ ਅਤੇ ਪੜ੍ਹਾਈ ਦੀ ਜ਼ਿੰਮੇਵਾਰੀ ਬਹੁਤ ਹੀ ਸਿਆਣਪ ਨਾਲ ਨਿਭਾਈ। ਸਭ ਤੋਂ ਵਡੇ ਲੜਕੇ ਸ. ਪਰਮਜੀਤ ਸਿੰਘ ਨੂੰ ਐਮ. ਏ. ਤਕ ਦੀ ਪੜ੍ਹਾਈ ਕਰਵਾਈ ਅਤੇ ਬੈਂਕ ਮੈਨੇਜਰ ਰਿਟਾਈਰ ਹੋਏ। ਬਾਕੀ ਤਿੰਨੋਂ ਪੁੱਤਰਾਂ ਨੇ ਆਪੋ ਆਪਣਾ ਵਧੀਆ ਕੰਮ ਸਥਾਪਤ ਕੀਤਾ ਹੋਇਆ ਹੈ। ਦੋਵੇਂ ਲੜਕੀਆਂ ਗੁਰਸਿੱਖ ਨਾਮਧਾਰੀ ਪਰਿਵਾਰਾਂ ਵਿਚ ਵਿਆਹੀਆਂ ਹੋਈਆਂ ਹਨ। ਆਪ ਨੇ ਸਾਰਾ ਜੀਵਨ ਨਾਮਧਾਰੀ ਪੰਥ ਦੇ ਲੇਖੇ ਲਾਇਆ।

ਸਤਿਗੁਰੂ ਜੀ ਸੂਬਾ ਜੀ ਉਤੇ ਬਹੁਤ ਖੁਸ਼ ਸਨ। ਸਤਿਗੁਰੂ ਜੀ ਕਿਹਾ ਕਰਦੇ ਸਨ ਸੂਬਾ ਮੇਲਾ ਸਿੰਘ ਪੰਥ ਦੀ ਲਠ ਹਨ। ਇਸੇ ਕਰਕੇ ਇਹਨਾ ਨੂੰ ਨਾਮਧਾਰੀ ਦਰਬਾਰ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਸੂਬਾ ਜੀ ਨੇ ਸਾਰੀ ਉਮਰ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਜਿਵੇਂ ਯੂ. ਪੀ., ਮੱਧ ਪ੍ਰਦੇਸ, ਬੰਗਲੌਰ, ਦਿੱਲੀ, ਹਿਮਾਚਲ ਪ੍ਰਦੇਸ, ਹਰਿਆਣਾ ਆਦਿ ਸਟੇਟਾਂ ਵਿਚ ਦਿਵਾਨ ਲਗਾਉਂਦੇ ਰਹੇ। ਹਜ਼ਾਰਾਂ ਪ੍ਰਾਣੀਆਂ ਨੂੰ ਭਜਨ ਦਿੱਤਾ ਅਤੇ ਮਾਸ ਸ਼ਰਾਬ ਛਡਵਾਇਆ। ਆਪ ਦੀ ਆਵਾਜ਼ ਬਹੁਤ ਉਚੀ ਤੇ ਪ੍ਰਭਾਵਸ਼ਾਲੀ ਸੀ। ਬਿਨਾਂ ਮਾਈਕ ਤੋਂ ਵੀ ਦੂਰ ਦੂਰ ਤੀਕ ਸੁਣਾਈ ਦਿੰਦੀ ਸੀ। ਪਹਿਲੇ ਸਮਿਆਂ ਵਿਚ ਬਿਨਾਂ ਸਪੀਕਰ ਤੋਂ ਦਿਵਾਨ ਲਗਦੇ ਸਨ ਅਤੇ ਲੋਕਾਂ ਨੂੰ ਦੂਰ ਦੂਰ ਤੀਕ ਸੁਣਦਾ ਸੀ। ਇਹਨਾਂ ਨੇ ਹਮੇਸ਼ਾਂ ਸਤਿਗੁਰੂ ਜੀ ਤੇ ਪੂਰਾ ਭਰੋਸਾ ਰਖਿਆ। ***ਸੇਵਕ ਕੀ ਓੜਕਿ ਨਿਬਹੀ ਪ੍ਰੀਤ॥***

ਸੂਬਾ ਜੀ ਅਖੀਰ ਤੱਕ ਸਤਿਗੁਰੂ ਜੀ ਨਾਲ ਪ੍ਰੀਤ ਨਿਭਾਅ ਗਏ। ਉਹ ਨਾਮਧਾਰੀ ਪੰਥ ਲਈ ਮਹਾਨ ਕੰਮ ਕਰ ਗਏ ਸਨ। ਸੂਬਾ ਜੀ ਨੇ ਮਲੇਰਕੋਟਲਾ, ਰਾਏਕੋਟ, ਸਰਹੰਦ ਅਤੇ ਹਿੰਮਤਪੁਰੇ ਵਿਖੇ ਹਰ ਸਾਲ ਜਾ ਕੇ ਮੇਲੇ ਦਾ ਪ੍ਰਬੰਧ ਕਰਵਾਉਣਾ ਅਤੇ ਦਿਵਾਨ ਲਗਾਉਣਾ ਅਖੀਰ ਤਕ ਜਾਰੀ ਰੱਖਿਆ। ਸਤਿਗੁਰੂ ਜੀ ਦੀ ਕਿਰਪਾ ਨਾਲ ਅੱਜ ਹਜ਼ਾਰਾਂ ਦੀ ਗਿਣਤੀ ਵਿਚ ਸਾਧ ਸੰਗਤ ਦਰਸ਼ਨ ਕਰਨ ਆਉਂਦੀ ਹੈ ਅਤੇ ਆਪਣਾ ਜੀਵਨ ਸਫਲਾ ਕਰਦੀ ਹੈ। ਅੱਜ ਇਹਨਾਂ ਥਾਵਾਂ ਤੇ ਵੱਡੇ ਵੱਡੇ ਮੇਲੇ ਲਗਣੇ ਸ਼ੁਰੂ ਹੋ ਗਏ ਹਨ ਜੋ ਕਿ ਪੰਥ ਨੂੰ ਸੂਬਾ ਜੀ ਦੀ ਬਹੁਤ ਵੱਡੀ ਦੇਣ ਹੈ।

ਸੂਬਾ ਮੇਲਾ ਸਿੰਘ ਕਾਂਗਰਸ ਪਾਰਟੀ ਦੇ ਵੀ ਸਰਗਰਮ ਵਰਕਰ ਦੇ ਤੌਰ ਤੇ ਕੰਮ ਕਰਦੇ ਰਹੇ ਸਨ। ਉਹ ਜ਼ਿਲਾ ਲੁਧਿਆਣਾ ਦੇ ਕਾਂਗਰਸ ਪ੍ਰਧਾਨ ਵੀ ਰਹੇ। ਜਦੋਂ ਕਾਂਗਰਸ ਦਾ ਮੋਹਾਲੀ ਵਿਖੇ ਸ਼ੈਸ਼ਨ ਹੋਇਆ ਤਾਂ ਨਾਮਧਾਰੀ ਦਰਬਾਰ ਵਲੋਂ ਲੰਗਰ ਦਾ ਪ੍ਰਬੰਧ ਸੂਬਾ ਜੀ ਦੀ ਦੇਖ ਰੇਖ ਹੇਠ ਹੋਇਆ। ਇਹਨਾਂ ਦੇ ਪ੍ਰਬੰਧ ਦੀ ਸਤਿਗੁਰੂ ਜੀ ਵਲੋਂ ਬਹੁਤ ਸ਼ਲਾਘਾ ਕੀਤੀ ਗਈ।

ਜਦੋਂ ਸ. ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਹਨਾਂ ਨੇ ਸੂਬਾ ਜੀ ਨੂੰ ਰਾਜ ਸਭਾ ਦਾ ਮੈਂਬਰ ਬਣਨ ਦੀ ਪੇਸ਼ਕਸ਼ ਕੀਤੀ। ਇਸ ਸੰਬੰਧੀ ਲੁਧਿਆਣੇ ਮੀਟਿੰਗ ਵੀ ਬੁਲਾਈ ਗਈ ਪਰ ਇਹਨਾਂ ਨੇ ਇਨਕਾਰ ਕਰ ਦਿੱਤਾ। ਸੂਬਾ ਜੀ ਨੇ ਕਿਸੇ ਅਹੁਦੇ ਦੀ ਮੰਗ ਨਹੀਂ ਕੀਤੀ। ਸ. ਬੇਅੰਤ ਸਿੰਘ ਇਹਨਾਂ ਦਾ ਸਤਿਗੁਰੂ ਜੀ ਦੀ ਕਿਰਪਾ ਨਾਲ ਬਹੁਤ ਸਤਿਕਾਰ ਕਰਦੇ ਸਨ। ਮੁੱਖ ਮੰਤਰੀ ਸਾਹਿਬ ਇਹਨਾਂ ਨੂੰ ਕਿਸੇ ਕੰਮ ਲਈ ਜਵਾਬ ਨਹੀਂ ਸਨ ਦਿੰਦੇ। ਪਰ ਇਹਨਾਂ ਨੇ ਕਿਸੇ ਲਈ ਕਦੇ ਕੁਝ ਨਹੀਂ ਮੰਗਿਆ। ਕਾਂਗਰਸ ਪਾਰਟੀ ਦੇ ਹਰ ਹੁਕਮ ਤੇ ਫੁੱਲ ਚੜ੍ਹਾਏ। ਜਿਸ ਤਰਾਂ ਗੁਰਬਾਣੀ ਵਿਚ ਲਿਖਿਆ ਹੈ :

***ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ॥***

ਦੁਨੀਆਂ ਵਿਚ ਤਿੰਨ ਤਰ੍ਹਾਂ ਦੇ ਇਨਸਾਨ ਹੁੰਦੇ ਹਨ, ਪਹਿਲਾਂ ਉਹ ਜੋ ਆਪਣਾ ਆਪ ਵੀ ਨਹੀਂ ਸਵਾਰ ਸਕਦੇ। ਦੂਸਰਾ ਜੋ ਆਪਣਾ ਵੀ ਸਵਾਰ ਲੈਂਦੇ ਹਨ ਅਤੇ ਦੂਸਰਿਆਂ ਦਾ ਵੀ ਸਵਾਰਦੇ ਹਨ। ਤੀਸਰੇ ਉਹ ਜੋ ਸਾਰਾ ਜੀਵਨ ਹੀ ਦੂਸਰਿਆਂ ਲਈ ਕੁਰਬਾਨ ਕਰ ਦਿੰਦੇ ਹਨ। ਜਿਨ੍ਹਾਂ ਨੂੰ ਸਭ ਤੋਂ ਉਤਮ ਮੰਨਿਆ ਗਿਆ ਹੈ। ਸੋ ਸੂਬਾ ਮੇਲਾ ਸਿੰਘ ਵੀ ਸਾਰਾ ਜੀਵਨ ਨਾਮਧਾਰੀ ਪੰਥ ਦੇ ਲੇਖੇ ਲਾ ਗਏ ਹਨ। ਇਹਨਾਂ ਸਾਰੀ ਉਮਰ ਆਪਣੇ ਪਰਿਵਾਰ ਲਈ ਜਾਂ ਆਪਣੇ ਲਈ ਕੁਝ ਨਹੀਂ ਕੀਤਾ। ਇਹਨਾਂ ਸਾਰਾ ਕੁਝ ਸਤਿਗੁਰੂ ਜੀ ਤੇ ਛੱਡ ਰੱਖਿਆ ਸੀ। ਸਤਿਗੁਰੂ ਜੀ ਨੇ ਇਹਨਾਂ ਦੀ ਬਹੁਤ ਵਾਰੀ ਪ੍ਰੀਖਿਆ ਵੀ ਲਈ ਅਤੇ ਖੁਸ਼ੀਆਂ ਬਖਸ਼ੀਆਂ।

ਅੱਜ ਵੀ ਸਤਿਗੁਰੂ ਉਦੈ ਸਿੰਘ ਜੀ ਦੀ ਇਹਨਾਂ ਦੇ ਪਰਿਵਾਰ ਤੇ ਬਹੁਤ ਕਿਰਪਾ ਹੈ। ਸਾਰੇ ਖੁਸ਼ਹਾਲ ਤੇ ਸੁਖੀ ਹਨ। ਸੂਬਾ ਜੀ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਇਹਨਾਂ ਦੀ ਧਰਮ ਪਤਨੀ ਬੀਬੀ ਨਿਰੰਜਨ ਕੌਰ ਨੂੰ ਜਾਂਦਾ ਹੈ, ਜਿਸਨੇ ਇਹਨਾਂ ਨੂੰ ਸਾਰਿਆਂ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਰੱਖਿਆ ਅਤੇ ਬੱਚਿਆਂ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜੀ ਰੱਖਿਆ।

੨੦੧੩ ਦੇ ਅੱਸੂ ਦੇ ਮੇਲੇ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵਲੋਂ ਸੂਬਾ ਜੀ ਨੂੰ 'ਪੰਥ ਰਤਨ' ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜਿਸ ਨਾਲ ਸਾਡੇ ਸਾਰਿਆਂ ਦਾ ਮਾਣ ਨਾਲ ਸਿਰ ਉਚਾ ਹੋਇਆ ਹੈ। ਇਸ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ 'ਸੰਤ ਤਰਨ ਸਿੰਘ ਵਹਿਮੀ ਅਵਾਰਡ' ਦੇ ਕੇ ਨਿਵਾਜਿਆ ਸੀ। ਜੋ ਮਾਣ ਵਾਲੀ ਗੱਲ ਹੈ।

ਸੂਬਾ ਮੇਲਾ ਸਿੰਘ ਦੀ ਅਣਥੱਕ, ਧੁਨ ਦੇ ਪੱਕੇ ਅਤੇ ਗਰੀਬਾਂ ਦੇ ਕੰਮ ਆਉਣ ਵਾਲੇ ਇਨਸਾਨ ਸਨ। ਕਿਸੇ ਦਾ ਕੰਮ ਕਰਕੇ ਇਹਨਾਂ ਨੇ ਅਹਿਸਾਨ ਨਹੀਂ ਜਤਾਇਆ। ਇਹ ਨਾਮਧਾਰੀ ਪੰਥ ਦੇ ਬਾਬਾ ਬੋਹੜ ਸਨ। ਸੂਬਾ ਜੀ ਦੇ ਚਲਾਣੇ ਨਾਲ ਪੰਥ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਹ ਜੋ ਪੰਥ ਦੀ ਸੇਵਾ ਕਰ ਗਏ ਹਨ ਉਸ ਲਈ ਨਾਮਧਾਰੀ ਪੰਥ ਇਹਨਾਂ ਨੂੰ ਹਮੇਸ਼ਾਂ ਯਾਦ ਰਖੇਗਾ। ਸੂਬਾ ਜੀ ੨੨ ਫਰਵਰੀ ੨੦੧੪ ਨੂੰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ।

***ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥***
***ਸਚੀ ਦਰਗਹ ਜਾਇ ਸਚਾ ਪਿੜ ਮਲਿਆ॥***

ਪਿਛਲੇ ਦਿਨੀਂ ਅਮਰੀਕਾ ਵਿਖੇ ਉਹਨਾਂ ਦੀ ਯਾਦ ਵਿਚ ਪਰਿਵਾਰ ਵਲੋਂ ਮੇਲਾ ਕਰਵਾਇਆ ਗਿਆ। **-ਮਾਸਟਰ ਗੁਰਦੇਵ ਸਿੰਘ ਸਿਆੜ, ਪਰਮਜੀਤ ਸਿੰਘ ਬਿੰਦ**

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ



**ਪੇਟਿੰਗ ਪ੍ਰਤੀਯੋਗਤਾ ਵਿਚ ਹਿੱਸਾ ਲੈਂਦੇ ਬੱਚੇ।**

**29-5-2016-** ਅੱਜ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸੰਤ ਸੁਖਦੇਵ ਸਿੰਘ ਡੋਲੇਵਾਲ ਦੇ ਪਰਿਵਾਰ ਵਲੋਂ ਹੋਏ ਹਫਤਾਵਾਰੀ ਸਮਾਗਮ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਜਥੇਦਾਰ ਜਸਬੀਰ ਸਿੰਘ, ਗੁਰਸੇਵਕ ਸਿੰਘ, ਹਰਨਾਮ ਸਿੰਘ ਦੇ ਜਥੇ ਨੇ ਕੀਤਾ। ਉਪਰੰਤ 3 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

ਕਰੀਬ 7.30 ਵਜੇ ਨਾਮਧਾਰੀ ਵਿਦਿਅਕ ਜਥੇ ਵਲੋਂ ਚਿੱਤਰਕਾਰੀ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿਚ 5-8, 9-13, ਅਤੇ 14-18 ਸਾਲ ਦੇ ਕਰੀਬ 90 ਬੱਚਿਆਂ ਨੇ ਹਿੱਸਾ ਲਿਆ। ਛੋਟੇ ਛੋਟੇ ਬੱਚੇ ਬਹੁਤ ਹੀ ਵਧੀਆ ਪੇਟਿੰਗ ਬਣਾ ਰਹੇ ਸਨ। ਆਰਟਿਸਟ ਅਵਨਿੰਦਰ ਸਿੰਘ ਨੇ ਸਭ ਬੱਚਿਆਂ ਦੀ ਪੇਟਿੰਗ ਚੈਕ ਕੀਤੀ। ਜੇਤੂ 18 ਬੱਚਿਆਂ ਨੂੰ ਸੂਬਾ ਹਰਭਜਨ ਸਿੰਘ, ਸੰਤ ਗੁਰਮੀਤ ਸਿੰਘ, ਨਿਰਮਲ ਸਿੰਘ ਭੱਟੀ ਨੇ ਇਨਾਮ ਵੰਡੇ।

ਸੂਬਾ ਹਰਭਜਨ ਸਿੰਘ ਨੇ ਬੋਲਦਿਆਂ ਦੱਸਿਆ ਕਿ ਅੱਜ ਬੱਚਿਆਂ ਨੂੰ ਪੇਟਿੰਗ ਕਰਦਿਆਂ ਵੇਖ ਬਹੁਤ ਖੁਸ਼ੀ ਹੋਈ। ਸਤਿਗੁਰੂ ਜੀ ਕਿਰਪਾ ਕਰਨ ਇਹ ਬਚੇ ਹੋਰ ਵੀ ਤਰੱਕੀ ਕਰਨ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰਨ। ਸੂਬਾ ਜੀ ਨੇ ਜਥੇ ਦੇ ਪ੍ਰਬੰਧਕਾਂ ਨੂੰ ਸਾਬਾਸ਼ ਦਿੰਦਿਆਂ ਕਿਹਾ ਇਹੋ ਜਿਹੇ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ।

**12-6-2016-** ਅੱਜ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਵਲੋਂ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ 13 ਤੋਂ 18 ਅਤੇ 18 ਤੋਂ ਉਪਰ ਭਾਸ਼ਣ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿਚ 10 ਬੱਚਿਆਂ ਨੇ ਹਿੱਸਾ ਲਿਆ। ਪ੍ਰਤੀਯੋਗਤਾ ਦੇ ਜੱਜ ਸੰਤ ਗੁਰਮੁਖ ਸਿੰਘ ਅਤੇ ਸੂਬਾ ਜਸਬੀਰ ਸਿੰਘ ਸਨ। ਜੂਨੀਅਰ ਅਤੇ ਸੀਨੀਅਰ ਵਿਚੋਂ ਜੇਤੂ ਬੱਚਿਆਂ ਨੂੰ ਇਾਮ ਵੰਡੇ ਗਏ। ਸੰਤ ਤਰਲੋਚਨ ਸਿੰਘ ਮਠਾਰੂ ਨੇ ਸਾਧ ਸੰਗਤ ਨੂੰ ਦੱਸਿਆ ਕਿ ਇਹ ਉਪਰਾਲਾ ਬਹੁਤ ਹੀ ਵਧੀਆ ਹੈ ਇਸ ਨਾਲ ਜਿਥੇ ਬੱਚਿਆਂ ਨੂੰ ਬੜਾ ਕੁਝ ਸਿਖਣ ਨੂੰ ਮਿਲੇਗਾ ਉਥੇ ਸਟੇਜ ਤੇ ਆ ਕੇ ਬੋਲਣ ਦੀ ਜਾਚ ਵੀ ਆਏਗੀ। ਸੰਤ ਗੁਰਮੁਖ ਸਿੰਘ ਨੇ ਭਾਸ਼ਣ ਵਿਚ ਹਿੱਸਾ ਲੈਣ ਵੇਲੇ ਬੱਚਿਆਂ ਨੂੰ ਦੱਸਿਆ ਕਿ ਅਸੀਂ ਬੁਲਾਰਿਆਂ ਵਿਚ ਕੀ ਕੀ ਖੂਬੀਆਂ ਦੇਖਦੇ ਹਾਂ ਸਾਨੂੰ ਸਟੇਜ ਤੇ ਆਉਣ ਤੇ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਇਥੋਂ ਸਿਖ ਕੇ ਅਸੀਂ ਸਮਾਜ ਵਿਚ ਵਿਚਰਨ ਦੀ ਜਾਚ ਸਿਖ ਪਾਵਾਂਗੇ ਸਟੇਜ ਸੈਕਟਰੀ ਦੀ ਜ਼ਿੰਮੇਵਾਬਰੀ ਸੁੰਦਰ ਸਿੰਘ ਅਤੇ ਹਰਨਾਮ ਸਿੰਘ ਨੇ ਬਾਖੂਬੀ ਨਿਭਾਈ। **-ਬਲਵੀਰ ਸਿੰਘ**








**ਪ੍ਰਤੀਯੋਗਤਾ ਦੇ ਜੱਜ ਸਾਹਿਬਾਨ ਆਪਣੇ ਵਿਚਾਰ ਸਾਂਝੇ ਕਰਦੇ ਹੋਏ।**



**ਲੁਧਿਆਣਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਮੇਂ ਲਾਈ ਛਬੀਲ ਦੀ ਅਰਦਾਸ ਕਰਦੀ ਸਾਧ ਸੰਗਤ**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਸਤਿਗੁਰੂ ਰਾਮ ਸਿੰਘ ਯਾਦਗਾਰੀ ਸਮਾਰੋਹ ਸਮੇਂ ਹੋਈ ਮੀਟਿੰਗ ਦੌਰਾਨ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ, ਆਪਣੇ ਸਲਾਹਕਾਰਾਂ ਨਾਲ ਅਤੇ ਸ. ਸੁਰਿੰਦਰ ਸਿੰਘ ਮੀਤ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਹੋਰ ।



ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਹੈਦਰਾਬਾਦ ਦੀ ਸੰਗਤ ਸੂਬਾ ਸੁਖਵਿੰਦਰ ਕੌਰ ਦੇ ਗ੍ਰਹਿ ਵਿਖੇ ਚੌਪਈ ਪਾਤਸ਼ਾਹੀ ੧੦ਵੀਂ ਦੇ ੬੨੮ ਪਾਠਾਂ ਵਿੱਚ ਆਪਣਾ ਯੋਗਦਾਨ ਪਾਉਂਦੀ ਹੋਈ -੧੩ ਜੂਨ ੨੦੧੬




ਪਿੰਡ ਪੱਡੇ ਜ਼ਿਲ੍ਹਾ ਗੁਰਦਾਸਪੁਰ ਵਿਖੇ ਹਰਿ ਜੀ ਦੇ ਡੇਰੇ ਵਿੱਚ ਮਨਾਏ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੇਲੇ ਸਮੇਂ ਜਥੇਦਾਰ ਦੀਵਾਨ ਸਜਾਉਂਦੇ ਹੋਏ ।



ਸ੍ਰੀ ਜੀਵਨ ਨਗਰ ਦੇ ਇਲਾਕੇ ਨੂੰ ਨਸ਼ਾ ਮੁਕਤ ਕਰਨ ਲਈ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਢੀ ਗਈ ਰੈਲੀ ਦੌਰਾਨ ਵਡੀ ਗਿਣਤੀ ਵਿੱਚ ਪਹੁੰਚੀ ਸਾਧ-ਸੰਗਤ ।



ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹੋਏ ਚਿਤਰਕਾਰੀ ਪ੍ਰਤਿਯੋਗਿਤਾ ਵਿੱਚ ਹਿੱਸਾ ਲੈਣ ਵਾਲੇ ਬੱਚੇ ਆਪਣੇ ਇਨਾਮਾਂ ਨਾਲ ਗਰੁਪ ਫੋਟੋ ਦੌਰਾਨ ।

## ਸਹਾਇਤਾ

| | |
|---|---|
| ਸੰਤ ਗੁਰਦੀਪ ਸਿੰਘ ਖੰਬ, ਸੰਤ ਨਗਰ ਸਰਪੰਚ ਬਨਣ ਦੀ ਖ਼ੁਸ਼ੀ ਵਿੱਚ | 2100/- |
| ਸੰਤ ਗੁਰਦੇਵ ਸਿੰਘ ਦੁੱਲਾ, ਸੰਤੋਖ ਪੁਰਾ ਸਰਪੰਚ ਬਨਣ ਦੀ ਖ਼ੁਸ਼ੀ ਵਿੱਚ | 1100/- |
| ਸੰਤ ਪੰਜਾਬ ਸਿੰਘ ਸੋਖਲ, ਸੰਤ ਨਗਰ ਸ੍ਰੀ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋ | 1100/- |
| ਸਮੂਹ ਸਾਧ-ਸੰਗਤ, ਸ੍ਰੀ ਜੀਵਨ ਨਗਰ ਸਤਿਗੁਰੂ ਜਗਜੀਤ ਸਿੰਘ ਕਮਿਊਨੀਟੀ ਹਾਲ ਦੇ ਉਦਘਾਟਨ ਸਮੇਂ | 1100/- |
| ਅਨਾਜ ਮੰਡੀ, ਸ੍ਰੀ ਜੀਵਨ ਨਗਰ ਆੜਤੀ ਐਸੋਸੀਏਸ਼ਨ ਵਲੋਂ ਸ੍ਰੀ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋ | 1100/- |
| ਸੰਤ ਹਰਬੰਸ ਸਿੰਘ, ਬਾਜੇਖਾਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਦੀ ਖ਼ੁਸ਼ੀ ਵਿੱਚ | 1100/- |
| ਸੰਤ ਜਗੀਰ ਸਿੰਘ ਚੌਲੀਆ ਅਖੰਡ ਪਾਠ ਦੀ ਖ਼ੁਸ਼ੀ ਵਿੱਚ | 1100/- |
| ਸੰਤ ਹਰਭੇਜ ਸਿੰਘ ਰੰਧਾਵਾ, ਅਮਰਾਸਰ ਕਲਾਂ ਸਰਪੰਚ ਬਨਣ ਦੀ ਖ਼ੁਸ਼ੀ ਵਿੱਚ | 500/- |
| ਸੰਤ ਸੁਖਬਾਜ ਸਿੰਘ ਪੁੱਤਰ ਸੰਤ ਇਕਬਾਲ ਸਿੰਘ, ਰਾਮਪੁਰ ਸਰਪੰਚ ਬਨਣ ਦੀ ਖ਼ੁਸ਼ੀ ਵਿੱਚ | 500/- |
| ਸੰਤ ਨਿਰਵੈਰ ਸਿੰਘ ਸਾਗਰਪੁਰੀਆਂ, ਪ੍ਰਤਾਪ ਨਗਰ ਸਰਪੰਚ ਬਨਣ ਦੀ ਖ਼ੁਸ਼ੀ ਵਿੱਚ | 500/- |
| ਸੰਤ ਸ਼ਾਮ ਸਿੰਘ ਪੁੱਤਰ ਜੀਤ ਸਿੰਘ ਮਲੋਟੀਆ, ਦਮਦਮਾ ਸਰਪੰਚ ਬਨਣ ਦੀ ਖ਼ੁਸ਼ੀ ਵਿੱਚ | 500/- |
| ਸੰਤ ਮੰਗਲ ਸਿੰਘ ਵਿਰਕ, ਸੰਤ ਨਗਰ ਗੈਰਿਜ ਦੇ ਮਹੂਰਤ ਸਮੇਂ | 500/- |
| ਸੰਤ ਬਲਵਿੰਦਰ ਸਿੰਘ, ਸੰਤ ਨਗਰ ਪੁੱਤਰ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿੱਚ | 500/- |
| ਸੰਤ ਰਤਨ ਸਿੰਘ ਐਡਵੋਕੇਟ, ਸੰਤ ਨਗਰ ਅਖੰਡ ਪਾਠ ਦੀ ਖ਼ੁਸ਼ੀ ਵਿੱਚ | 500/- |
| ਸਮੂਹ ਸਾਧ-ਸੰਗਤ ਸਿਰਸਾ ਬਸੰਤ ਮੇਲੇ ਦੀ ਖ਼ੁਸ਼ੀ ਵਿੱਚ | 500/- |
| ਸੰਤ ਅਨੂਪ ਸਿੰਘ ਪੁੱਤਰ ਸੰਤ ਸਵਰਣ ਸਿੰਘ ਭਾਵਦੀਨ (ਸਿਰਸਾ) ਅਖੰਡ ਪਾਠ ਦੀ ਖ਼ੁਸ਼ੀ ਵਿੱਚ | 500/- |
| ਸੰਤ ਬੂਟਾ ਸਿੰਘ, ਪ੍ਰਤਾਪ ਨਗਰ ਆਪਣੇ ਪਿਤਾ ਸੰਤ ਪ੍ਰੀਤਮ ਸਿੰਘ ਦੇ ਭੋਗ ਸਮੇਂ | 500/- |
| ਸੰਤ ਜਸਵੰਤ ਸਿੰਘ ਜੀ ਨਕੌੜਾ ਮਾਤਾ ਗੁਰਮੀਤ ਕੌਰ ਦੇ ਵਰ੍ਹੀਨੇ ਦੇ ਭੋਗ ਸਮੇਂ | 500/- |
| ਸੰਤ ਮੱਖਨ ਸਿੰਘ ਜੋੜਕੀਆਂ (ਰਾਜਸਥਾਨ) ਸ੍ਰੀ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋ | 500/- |

**ਇਹ ਸਹਾਇਤਾ ਸੰਤ ਗੁਰਮੀਤ ਸਿੰਘ ਚਾਨਾ (ਸੱਕਤਰ ਵਿ.ਨਾ.ਵਿ.ਜਥਾ ਐਲਨਾਬਾਦ) ਰਾਹੀ ਪ੍ਰਾਪਤ ਹੋਈ ।**

Subscriber's Address

Type setting by: CADCON
Designed by: Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.27 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.23 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 18 of 30 June 2016